**ਪੰਜਾਬ ਸਰਕਾਰ**

**ਬਨਾਮ**

**ਦੀਵਾਨ ਚੁੰਨੀ ਲਾਲ**

16 ਫਰਵਰੀ, 1970

[ਜੇ. ਐੱਮ. ਸ਼ੇਲਟ ਅਤੇ ਜੀ. ਕੇ. ਮਿੱਤਰ, ਜੇ.ਜੇ.]

ਭਾਰਤ ਦੇ ਸੰਵਿਧਾਨ ਦਾ ਅਨੁਛੇਦ 311 - ਬਰਖਾਸਤੀ ਖਿਲਾਫ ਕਾਰਨ ਦਰਸਾਉਣ ਦਾ ਮੌਕਾ - ਵਿਭਾਗੀ ਜਾਂਚ ਬਰਬਾਦ ਹੈ ਜੇਕਰ ਸਬੰਧਤ ਅਧਿਕਾਰੀ ਨੂੰ ਆਪਣਾ ਬਚਾਅ ਕਰਨ ਦਾ ਮੌਕਾ ਨਹੀਂ ਦਿੱਤਾ ਜਾਂਦਾ।

ਪੰਜਾਬ ਪੁਲਿਸ ਨਿਯਮ – ਨਿਯਮ 16.25 (2) ਅਨੁਸਾਰ ਜਿਸ ਅਧਿਕਾਰੀ ਤੇ ਅਕੁਸ਼ਲਤਾ ਦਾ ਦੋਸ਼ ਹੋਵੇ – 1941 ਅਤੇ 1942 ਦੀਆਂ ਪ੍ਰਤੀਕੂਲ ਰਿਪੋਰਟਾਂ ਸਬੰਧਤ ਨਹੀਂ ਸਨ ਜਦੋ ਅਧਿਕਾਰੀ ਨੂੰ 1944 ਵਿੱਚ ਕਾਰਜਕੁਸ਼ਲਤਾ ਸੀਮਾ ਨੂੰ ਪਾਰ ਕਰਨ ਦੀ ਆਗਿਆ ਦੇ ਦਿੱਤੀ ਗਈ।

ਜਵਾਬਦੇਹ ਪੁਲਿਸ ਦਾ ਇੱਕ ਸਬ ਇੰਸਪੈਕਟਰ ਸੀ ਅਤੇ ਗੁੜਗਾਓ ਵਿੱਚ ਤਾਇਨਾਤੀ ਤੋ ਪਹਿਲਾਂ ਵੱਖ- ਵੱਖ ਥਾਵਾਂ ਤੇ ਸੇਵਾ ਨਿਭਾ ਚੁੱਕਿਆ ਸੀ ਜੋ ਕਿ ਪਹਿਲਾਂ ਪਾਕਿਸਤਾਨ ਵਿੱਚ ਸਨ ।1940 ਤੱਕ ਉਸ ਦੀਆਂ ਗੁਪਤ ਸੇਵਾਵਾਂ ਰਿਪੋਰਟਾਂ ਤਸੱਲੀਬਖਸ਼ ਸਨ। 1941 ਅਤੇ 1942 ਵਿੱਚ ਉਸ ਨੂੰ ਬੁਰੀਆਂ ਰਿਪੋਰਟਾਂ ਮਿਲੀਆਂ। ਹਾਲਾਂਕਿ ਉਸਨੂੰ 1944 ਵਿੱਚ ਕਾਰਜਕੁਸ਼ਲਤਾ ਸੀਮਾ ਨੂੰ ਪਾਰ ਕਰਨ ਦੀ ਆਗਿਆ ਦਿੱਤੀ ਗਈ ਸੀ। 1945 ਅਤੇ 1946 ਨਾਲ ਸਬੰਧਤ ਰਿਪੋਰਟਾਂ ਦੁਬਾਰਾ ਫਿਰ ਮਾੜੀਆਂ ਸਨ। 1948 ਦੀ ਰਿਪੋਰਟ ਵਿੱਚ ਉਸ ਉੱਤੇ ਇੱਕ ਖਾਸ ਮਾਮਲੇ ਵਿੱਚ ਰਿਸ਼ਵਤ ਲੈਣ ਦਾ ਦੋਸ਼ ਲਗਾਇਆ ਗਿਆ ਸੀ, ਪਰ ਜਾਂਚ ਵਿੱਚ ਦੋਸ਼ ਝੂਠਾ ਪਾਇਆ ਗਿਆ ਸੀ। 12 ਅਕਤੂਬਰ, 1949 ਨੂੰ ਉਸ ਨੂੰ ਇੱਕ ਚਾਰਜਸ਼ੀਟ ਸੌਂਪੀ ਗਈ ਸੀ ਜਿਸ ਵਿੱਚ ਉਸ ਦੀ ਗੁਪਤ ਚਰਿੱਤਰ ਸੂਚੀ ਦੇ ਅੰਸ਼ ਪੇਸ਼ ਕੀਤੇ ਗਏ ਸਨ ਜਿਸ ਵਿੱਚ 1941 ਤੋਂ 1948 ਤੱਕ ਸੇਵਾ ਵਿੱਚ ਰਹਿੰਦੇ ਹੋਏ ਅਯੋਗਤਾ ਅਤੇ ਇਮਾਨਦਾਰੀ ਦੀ ਘਾਟ ਦਾ ਦੋਸ਼ ਲਗਾਇਆ ਗਿਆ ਸੀ। ਉਸ ਨੂੰ ਪੰਜਾਬ ਪੁਲਿਸ ਨਿਯਮਾਂ ਦੇ ਪੈਰਾ 16.25 (2) ਦੇ ਅਨੁਸਾਰ ਲਗਾਏ ਗਏ ਅਯੋਗਤਾ ਦੇ ਮੁੱਢਲੇ ਦੋਸ਼ ਦਾ ਜਵਾਬ ਦੇਣ ਨੂੰ ਕਿਹਾ ਗਿਆ ਸੀ। ਇੱਕ ਵਿਭਾਗੀ ਜਾਂਚ ਕੀਤੀ ਗਈ ਅਤੇ 1950 ਵਿੱਚ ਜਾਂਚ ਅਧਿਕਾਰੀ ਨੇ ਉਸ ਨੂੰ ਬਰਖਾਸਤ ਕਰਨ ਦੀ ਸਿਫਾਰਸ਼ ਕੀਤੀ। ਇੱਕ ਹੋਰ ਕਾਰਨ ਦੱਸੋ ਨੋਟਿਸ ਤੋਂ ਬਾਅਦ ਜਵਾਬਦੇਹ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਸ ਨੇ ਇੱਕ ਮੁਕੱਦਮਾ ਦਾਇਰ ਕੀਤਾ ਜਿਸ ਵਿੱਚ ਉਸ ਨੇ ਆਪਣੀ ਬਰਖਾਸਤਗੀ ਨੂੰ ਚੁਣੌਤੀ ਦਿੱਤੀ ਕਿ ਇਹ ਹੋਰ ਗੱਲਾਂ ਦੇ ਨਾਲ-ਨਾਲ ਗਲਤ ਹੈ ਕਿ (i) ਸਾਲ 1941 ਅਤੇ 1942 ਨਾਲ ਸਬੰਧਤ ਰਿਪੋਰਟਾਂ ਨੂੰ ਉਸ ਦੇ ਵਿਰੁੱਧ ਵਿਚਾਰਿਆ ਨਹੀਂ ਜਾਣਾ ਚਾਹੀਦਾ ਸੀ; (ii) ਕਿ ਜਾਂਚ ਅਧਿਕਾਰੀ ਨੇ ਉਸ ਨੂੰ ਉਨਾਂ ਅਧਿਕਾਰੀਆਂ ਨੂੰ ਜਿਨ੍ਹਾਂ ਨੇ ਉਸ ਵਿਰੁੱਧ ਪ੍ਰਤੀਕੂਲ ਰਿਪੋਰਟਾਂ ਲਿਖੀਆਂ ਸਨ ਅਤੇ ਹੋਰ ਗਵਾਹ ਜੋ ਇਨ੍ਹਾਂ ਰਿਪੋਰਟਾਂ 'ਤੇ ਚਾਨਣਾ ਪਾ ਸਕਦੇ ਸਨ, ਨੂੰ ਬਚਾਅ ਪੱਖ ਵਿੱਚ ਜਾਂਚ ਕਰਨ ਦੀ ਆਗਿਆ ਨਹੀਂ ਦਿੱਤੀ । ਹੇਠਲੀ ਅਦਾਲਤ ਨੇ ਮੁਕੱਦਮੇ ਦਾ ਫੈਸਲਾ ਸੁਣਾਇਆ ਅਤੇ ਹਾਈ ਕੋਰਟ ਨੇ ਵੀ ਅਪੀਲਕਰਤਾ ਦੇ ਹੱਕ ਵਿੱਚ ਮੁੱਖ ਤੌਰ ਉੱਤੇ ਇਸ ਆਧਾਰ ਉੱਤੇ ਫੈਸਲਾ ਸੁਣਾਇਆ ਕਿ ਸੰਵਿਧਾਨ ਦੀ ਧਾਰਾ 311 ਦੀ ਪਾਲਣਾ ਨਹੀਂ ਕੀਤੀ ਗਈ ਸੀ। ਪੰਜਾਬ ਸਰਕਾਰ ਦੁਆਰਾ ਇਸ ਅਦਾਲਤ ਵਿੱਚ ਅਪੀਲ ਵਿੱਚ ਕੀਤੀ।

ਰੱਖਿਆ: (i) 1944 ਤੋਂ ਪਹਿਲਾਂ ਦੀਆਂ ਰਿਪੋਰਟਾਂ ਬਿਲਕੁਲ ਨਹੀਂ ਵਿਚਾਰੀਆਂ ਜਾਣੀਆਂ ਚਾਹੀਦੀਆਂ ਸਨ ਜਿੰਨਾਂ ਵਿੱਚ ਜਵਾਬਦੇਹ ਨੂੰ ਉਸ ਸਾਲ ਕੁਸ਼ਲਤਾ ਸੀਮਾ ਨੂੰ ਪਾਰ ਕਰਨ ਦੀ ਆਗਿਆ ਦਿੱਤੀ ਗਈ ਸੀ। ਇਹ ਸੋਚ ਤੋਂ ਬਾਹਰ ਸੀ ਕਿ ਜੇਕਰ ਅਧਿਕਾਰੀਆਂ ਵੱਲੋਂ 1941 ਅਤੇ 1942 ਦੀਆਂ ਗੁਪਤ ਰਿਪੋਰਟਾਂ

ਵਿੱਚ ਸ਼ਾਮਲ ਬੇਈਮਾਨੀ ਅਤੇ ਅਕੁਸ਼ਲਤਾ ਦੇ ਦੋਸ਼ਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਸੀ ਤਾਂ 1941 ਅਤੇ 1942 ਦੀਆਂ ਗੁਪਤ ਰਿਪੋਰਟਾਂ ਨੂੰ ਨਜ਼ਰਅੰਦਾਜ਼ ਕਰਕੇ ਅਧਿਕਾਰੀ ਦੇ ਕੇਸ ਨੂੰ ਕਾਰਜਕੁਸ਼ਲਤਾ ਪਾਰ ਕਰਨ ਲਈ ਫਿੱਟ ਹੋਣ ਦੀ ਸਿਫਾਰਸ਼ ਕੀਤੀ ਗਈ ਸੀ। ਇਸ ਤੋ ਇਲਾਵਾ ਇਹਨਾ ਦੋਵੇ ਸਾਲਾਂ ਵਿੱਚ ਕੋਈ ਵਿਸ਼ੇਸ਼ ਸ਼ਿਕਾਇਤ ਨਹੀਂ ਸੀ ਅਤੇ ਸਿਰਫ ਉਸਦੇ ਵਿਵਹਾਰ ਪ੍ਰਤੀ ਸ਼ੱਕ ਲਈ ਜਗ੍ਹਾ ਸੀ [699 ਐਚ]

(ii) ਇਸ ਕੇਸ ਦੇ ਤੱਥਾਂ 'ਤੇ ਇਹ ਮੰਨਣਾ ਅਸੰਭਵ ਸੀ ਕਿ ਜਵਾਬਦੇਹ ਨੂੰ ਜਾਂਚ ਅਧਿਕਾਰੀ ਅੱਗੇ ਆਪਣੇ ਬਚਾਅ ਵਿੱਚ ਜਵਾਬ ਦੇਣ ਦਾ ਉਚਿਤ ਮੌਕਾ ਦਿੱਤਾ ਗਿਆ ਸੀ। ।ਇਹ ਸਪੱਸ਼ਟ ਸੀ ਕਿ ਜੇ ਜਾਂਚ ਅਧਿਕਾਰੀ ਨੇ ਘੱਟੋ ਘੱਟ ਉਹਨਾਂ ਗਵਾਹਾਂ ਨੂੰ ਸੰਮਨ ਕੀਤਾ ਹੁੰਦਾ ਜੋ ਉਪਲਬਧ ਸਨ ਅਤੇ ਜੋ ਉਹਨਾ ਰਿਪੋਰਟਾਂ ਤੇ ਕੁਝ ਚਾਨਣਾ ਪਾ ਸਕਦੇ ਸਨ ਜੋ ਜਵਾਬਦੇਹ ਦੇ ਵਿਰੁੱਧ ਸਨ ਤਾਂ ਰਿਪੋਰਟ ਵੱਖਰੀ ਹੋ ਸਕਦੀ ਸੀ। ਗਵਾਹ, ਜਿਨ੍ਹਾਂ ਨੇ ਜਵਾਬਦੇਹ ਦੇ ਚਰਿੱਤਰ ਵਿਰੁੱਧ ਆਮ ਟਿੱਪਣੀਆਂ ਕੀਤੀਆਂ ਸਨ ਅਤੇ ਪੁੱਛਗਿੱਛ ਅਤੇ ਜਾਂਚ ਲਈ ਉਪਲਬਧ ਸਨ, ਤੋ ਪੁੱਛਗਿੱਛ ਕਰਨ ਦੇ ਅਧਿਕਾਰ ਤੋਂ ਇਨਕਾਰ ਕਰਨਾ ਪ੍ਰਸਤਾਵਿਤ ਕਾਰਵਾਈ ਦੇ ਵਿਰੁੱਧ ਕਾਰਨ ਦਿਖਾਉਣ ਦਾ ਇੱਕ ਵਾਜਬ ਮੌਕਾ ਦੇਣ ਤੋਂ ਇਨਕਾਰ ਕਰਨ ਦੇ ਬਰਾਬਰ ਸੀ। ਭਾਵੇਂ ਇਹ ਕੇਸ ਧਾਰਾ 311 ਅਨੁਸਾਰ ਨਿਯੰਤਰਿਤ ਕੀਤਾ ਗਿਆ ਸੀ ਕਿਉਂਕਿ ਇਹ ਇਸ ਵਿੱਚ ਇਸਦੀ 1963 ਦੀ ਸੋਧ ਤੋਂ ਪਹਿਲਾਂ ਦਾ ਹੈ, ਇਸਲਈ ਜਵਾਬਦੇਹ ਨੂੰ ਬਰਖਾਸਤਗੀ ਦੀ ਕਾਰਵਾਈ ਦੇ ਵਿਰੁੱਧ ਨੁਮਾਇੰਦਗੀ ਕਰਨ ਲਈ ਇੱਕ ਪ੍ਰਭਾਵਸ਼ਾਲੀ ਅਧਿਕਾਰ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ ਸੀ।

ਇਸ ਦ੍ਰਿਸ਼ਟੀਕੋਣ ਵਿੱਚ ਪੰਜਾਬ ਰਾਜ ਦੀ ਅਪੀਲ ਅਸਫਲ ਹੋਣੀ ਚਾਹੀਦੀ ਹੈ:-

*ਸਦਾਨੰਦ ਮੋਹਪਾਤਰਾ ਬਨਾਮ ਸਰਕਾਰ, ਏ.ਆਈ.ਆਰ. 1967 ਉੜੀਸਾ 49 ਅਤੇ ਜੰਮੂ ਅਤੇ ਕਸ਼ਮੀਰ ਸਰਕਾਰ ਬਨਾਮ ਬਕਸ਼ੀ ਗੁਲਾਮ ਮੁਹੰਮਦ [1966] ਐਸ. ਸੀ. ਆਰ.401, ਵਿਲੱਖਣ.*

*ਉੜੀਸਾ ਸਰਕਾਰ ਬਨਾਮ ਸੈਲਬਿਹਾਰੀ, ਏ.ਆਈ.ਆਰ. 1963 ਉੜੀਸਾ 73, ਦਾ ਹਵਾਲਾ ਦਿੱਤਾ ਗਿਆ ਹੈ।*

ਸਿਵਲ ਅਪੀਲੀ ਅਧਿਕਾਰ ਖੇਤਰ: 1966 ਦੀ ਸਿਵਲ ਅਪੀਲ ਨੰਬਰ 2348

ਸਾਲ 1956 ਦੀ ਨਿਯਮਿਤ ਪਹਿਲੀ ਅਪੀਲ ਨੰਬਰ 53 ਪੰਜਾਬ ਹਾਈਕੋਰਟ ਦੇ ਫੈਸਲੇ ਅਤੇ ਫ਼ਰਮਾਨ ਮਿਤੀ 6 ਸਤੰਬਰ, 1962 ਤੋਂ ਅਪੀਲ

ਵੀ. ਸੀ. ਮਹਾਜਨ ਅਪੀਲਕਰਤਾ ਲਈ ।

ਐੱਨ.ਐੱਸ.ਬਿੰਦਰਾ ਅਤੇ ਬੀ. ਦੱਤਾ, ਜਵਾਬਦੇਹ ਲਈ।

ਅਦਾਲਤ ਦਾ ਫੈਸਲਾ ਇਸ ਦੁਆਰਾ ਦਿੱਤਾ ਗਿਆ

**ਮਿੱਤਰ, ਜੇ.**- ਇਸ ਪਟੀਸ਼ਨ ਰਾਹੀਂ ਪੰਜਾਬ ਸਰਕਾਰ ਨੇ ਪੰਜਾਬ ਹਾਈਕੋਰਟ ਦੇ ਉਸ ਫੈਸਲੇ ਅਤੇ ਆਦੇਸ਼ ਨੂੰ ਚੁਣੌਤੀ ਦਿੱਤੀ ਹੈ ਜਿਸ ਵਿੱਚ ਅਧੀਨ ਜੱਜ, ਗੁੜਗਾਓਂ ਦੇ ਫ਼ਰਮਾਨ ਨੂੰ ਬਰਕਰਾਰ ਰੱਖਿਆ ਸੀ ਜਿਸ ਵਿੱਚ ਐਲਾਨ ਕੀਤਾ ਗਿਆ ਸੀ ਕਿ ਜਵਾਬਦੇਹ ਨੂੰ ਸੇਵਾ ਤੋਂ ਬਰਖਾਸਤ ਕਰਨਾ ਗੈਰ ਕਾਨੂੰਨੀ ਅਤੇ ਅਯੋਗ ਸੀ। ਜਵਾਬਦੇਹ, ਜੋ ਕਿ ਇੱਕ ਪੁਲਿਸ ਸਬ ਇੰਸਪੈਕਟਰ ਸੀ, ਨੂੰ ਉਸਦੀਆਂ ਗੁਪਤ ਚਰਿੱਤਰ ਰਿਪੋਰਟਾਂ ਦਾ ਕੁਝ ਹਿੱਸਾ ਜੋ ਕਿ ਉਸਦੀ ਸਰਵਿਸ 1941 ਤੋ 1948 ਦੌਰਾਨ ਅਯੋਗਤਾ ਅਤੇ ਇਮਾਨਦਾਰੀ ਦੀ ਘਾਟ ਨੂੰ ਦਰਸਾਉਂਦਾ ਸੀ, ਨੂੰ ਪੇਸ਼ ਕਰਕੇ 12 ਅਕਤੂਬਰ, 1949 ਉਸ ਨੂੰ ਲਗਾਏ ਗਏ ਦੋਸ਼ ਅਤੇ ਪੰਜਾਬ ਪੁਲਿਸ ਨਿਯਮਾਂ ਦੇ ਪੈਰਾ 16.25 (2) ਵਿੱਚ ਦਰਸਾਏ ਅਨੁਸਾਰ ਅਯੋਗਤਾ ਦੇ ਮੁੱਢਲੇ ਦੋਸ਼ ਵਿੱਚ ਆਪਣਾ ਜਵਾਬ ਪੇਸ਼ ਕਰਨ ਲਈ ਲਈ ਕਿਹਾ ਗਿਆ ਸੀ।

ਜਵਾਬਦੇਹ ਪੁਲਿਸ ਵਿੱਚ ਭਰਤੀ ਹੋਇਆ ਸੀ ਅਤੇ ਗੁੜਗਾਓ ਵਿੱਚ ਤਾਇਨਾਤੀ ਤੋ ਪਹਿਲਾਂ ਵੱਖ-ਵੱਖ ਥਾਵਾਂ ਤੇ ਬਤੌਰ ਸਬ ਇੰਸਪੈਕਟਰ ਸੇਵਾ ਨਿਭਾ ਚੁੱਕਿਆ ਸੀ ਜੋ ਕਿ ਹੁਣ ਪਾਕਿਸਤਾਨ ਵਿੱਚ ਹਨ ।ਅਜਿਹਾ

ਪ੍ਰਤੀਤ ਹੁੰਦਾ ਹੈ ਕਿ ਸਾਲਾਂ ਤੋਂ ਉਸ ਦੇ ਉੱਚ ਅਧਿਕਾਰੀਆਂ ਦੁਆਰਾ ਉਸ ਦੇ ਆਚਰਣ ਅਤੇ ਪ੍ਰਤਿਸ਼ਠਾ ਬਾਰੇ ਲਿਆ ਗਿਆ ਦ੍ਰਿਸ਼ਟੀਕੋਣ ਇਕਸਾਰ ਨਹੀਂ ਸੀ। ਕੁੱਝ ਸਾਲਾਂ ਵਿੱਚ ਉਸ ਨੂੰ 'ਬੀ "ਸਰਟੀਫਿਕੇਟ ਮਿਲਿਆ ਅਤੇ ਕੁੱਝ ਸਾਲਾਂ ਵਿੱਚ' ਏ" ਸਰਟੀਫਿਕੇਟ ਮਿਲਿਆ।ਪੰਜਾਬ ਪੁਲਿਸ ਨਿਯਮਾਂ ਦੇ ਨਿਯਮ 13.17 ਅਨੁਸਾਰ, ਪੁਲਿਸ ਸੁਪਰਡੈਂਟ ਨੂੰ ਹਰ ਸਾਲ ਉਸਦੇ ਅਧੀਨ ਕੰਮ ਕਰਕੇ ਸਹਾਇਕ ਸਬ ਇੰਸਪੈਕਟਰਾਂ ਅਤੇ ਸਬ ਇੰਸਪੈਕਟਰਾਂ ਦੀਆਂ ਗੁਪਤ ਰਿਪੋਰਟਾਂ ਨਿੱਜੀ ਤੌਰ 'ਤੇ ਤਿਆਰ ਕਰਕੇ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਨੂੰ ਜਮ੍ਹਾਂ ਕਰਵਾਉਣੀਆਂ ਪੈਂਦੀਆਂ ਸਨ। ਰਿਪੋਰਟਾਂ ਦੋ ਕਿਸਮਾਂ 'ਏ' ਅਤੇ 'ਬੀ' ਦੀਆਂ ਸਨ ਅਤੇ ਇਸੇ ਤਰ੍ਹਾਂ ਮਾਰਕ ਕੀਤੀਆਂ ਜਾਣੀਆਂ ਸਨ। 'ਏ' ਰਿਪੋਰਟ ਵਾਧੇ 'ਤੇ ਤਰੱਕੀਆਂ ਨਾ ਰੋਕਣ ਦੀ ਸਿਫਾਰਸ਼ ਕਰਨ ਲਈ ਸੀ ਜਦੋਂ ਕਿ 'ਬੀ 'ਰਿਪੋਰਟ ਵਿੱਚ ਇੱਕ ਸਿਫਾਰਸ਼ ਹੋਣੀ ਚਾਹੀਦੀ ਸੀ, ਜਿਸ ਦੇ ਕਾਰਨਾਂ ਨੂੰ ਪੂਰੀ ਤਰ੍ਹਾਂ ਦੱਸਿਆ ਜਾਣਾ ਚਾਹੀਦਾ ਹੈ, ਕਿ ਵਾਧੇ ਦੀਆਂ ਤਰੱਕੀਆਂ ਰੋਕੀਆਂ ਜਾਣੀਆਂ ਚਾਹੀਦੀਆਂ ਹਨ। ਨਿਯਮ ਅੱਗੇ ਦਰਸਾਉਂਦਾ ਹੈ ਕਿ ਸਾਰੀਆਂ 'ਬੀ' ਰਿਪੋਰਟਾਂ ਦੇ ਉਦੇਸ਼ ਸਬੰਧੀ ਰਸਮੀ ਤੌਰ 'ਤੇ ਸਬੰਧਿਤ ਅਧਿਕਾਰੀ  ਨੂੰ ਸੂਚਿਤ ਕੀਤਾ ਜਾਣਾ ਸੀ ਅਤੇ ਇਸਦੀ ਲਿਖਤ ਰਸੀਦ ਲਈ ਲਈ ਜਾਣੀ ਸੀ। ਇਸ ਵਿੱਚ ਇਹ ਵੀ ਨਿਰਧਾਰਤ ਕੀਤਾ ਗਿਆ ਹੈ ਕਿ ਇੱਕ ਅਧਿਕਾਰੀ ਦੇ ਸਬੰਧ ਵਿੱਚ ਲਗਾਤਾਰ ਦੋ 'ਬੀ' ਰਿਪੋਰਟਾਂ ਪੇਸ਼ ਕਰਨ ਦਾ ਨਤੀਜਾ ਆਪਣੇ ਆਪ ਹੀ ਉਸ ਵਿਰੁੱਧ ਵਿਭਾਗੀ ਕਾਰਵਾਈ ਦੀ ਸ਼ੁਰੂਆਤ ਕਰੇਗਾ, ਜਿਸ ਨਾਲ ਵਾਧੇ ਨੂੰ ਰੋਕਿਆ ਜਾ ਸਕੇ।

ਉਹ ਸਜ਼ਾਵਾਂ ਜੋ ਵਿਭਾਗੀ ਤੌਰ ਤੇ ਦਿੱਤੀਆਂ ਜਾ ਸਕਦੀਆਂ ਹਨ, ਨਿਯਮ 16.1 ਵਿੱਚ ਨਿਰਧਾਰਿਤ ਕੀਤੀਆਂ ਗਈਆ ਹਨ ਅਤੇ ਨਿਯਮ 16.2 (1) ਦੇ ਤਹਿਤ ਬਰਖਾਸਤਗੀ ਸਿਰਫ਼ ਗੰਭੀਰ ਦੁਰਵਿਵਹਾਰ ਲਈ ਜਾਂ ਨਿਰੰਤਰ ਦੁਰਵਿਹਾਰ ਦੇ ਕੁੱਲ ਪ੍ਰਭਾਵ ਵਜੋਂ ਜਾਂ ਪੁਲਿਸ ਸੇਵਾ ਲਈ ਨਿਰਪੱਖਤਾ ਅਤੇ ਪੂਰੀ ਤਰ੍ਹਾਂ ਅਯੋਗਤਾ ਦੀ ਸੂਰਤ ਵਿੱਚ ਹੀ ਕੀਤੀ ਜਾਣੀ ਹੈ। ਨਿਯਮ 16.24 ਵਿਭਾਗੀ ਪੁੱਛਗਿੱਛ ਵਿੱਚ ਅਪਣਾਈ ਜਾਣ ਵਾਲੀ ਪ੍ਰਕਿਰਿਆ ਨਿਰਧਾਰਤ ਕਰਦਾ ਹੈ। ਨਿਯਮ 16.24 ਦਾ ਸਾਰ ਇਹ ਹੈ ਕਿ ਜੇ ਪੁਲਿਸ ਅਧਿਕਾਰੀ ਨੇ ਦੁਰਵਿਵਹਾਰ ਨੂੰ ਸਵੀਕਾਰ ਨਹੀਂ ਕੀਤਾ।

"ਜਾਂਚ ਕਰਨ ਵਾਲਾ ਅਧਿਕਾਰੀ ਦੋਸ਼ ਦਾ ਸਮਰਥਨ ਕਰਨ ਲਈ ਅਜਿਹੇ ਸਬੂਤ, ਜ਼ੁਬਾਨੀ ਅਤੇ ਦਸਤਾਵੇਜ਼ੀ, ਦੋਸ਼ਾਂ ਦੇ ਸਬੂਤ ਵਜੋਂ ਦਰਜ ਕਰੇਗਾ ਜੋ ਉਪਲਬਧ ਹਨ ਅਤੇ ਦੋਸ਼ਾਂ ਨੂੰ ਸਾਬਿਤ ਕਰਨ ਲਈ ਜ਼ਰੂਰੀ ਹਨ। ਜਦੋਂ ਵੀ ਸੰਭਵ ਹੋਵੇ, ਗਵਾਹਾਂ ਦੀ ਸਿੱਧੇ ਤੌਰ 'ਤੇ ਅਤੇ ਦੋਸ਼ੀ ਦੀ ਹਾਜ਼ਰੀ ਵਿੱਚ ਜਾਂਚ ਕੀਤੀ ਜਾਵੇਗੀ, ਅਤੇ ਦੋਸ਼ੀ ਨੂੰ ਉਹਨਾਂ ਦੇ ਬਿਆਨਾਂ ਨੂੰ ਨੋਟ ਕਰਨ ਅਤੇ ਉਹਨਾਂ ਦੀ ਪੁੱਛਗਿੱਛ ਕਰਨ ਦਾ ਮੌਕਾ ਦਿੱਤਾ ਜਾਵੇਗਾ। ਜਾਂਚ ਕਰਨ ਵਾਲੇ ਅਧਿਕਾਰੀ ਨੂੰ, ਹਾਲਾਂਕਿ, ਕਿਸੇ ਵੀ ਗਵਾਹ ਦੇ ਬਿਆਨ ਨੂੰ ਰਿਕਾਰਡ ਵਿੱਚ ਲਿਆਉਣ ਦਾ ਅਧਿਕਾਰ ਹੈ ਜਿਸਦੀ ਦੀ ਮੌਜੂਦਗੀ, ਅਧਿਕਾਰੀ ਦੀ ਰਾਏ ਵਿੱਚ, ਅਣਉਚਿਤ ਦੇਰੀ ਅਤੇ ਖਰਚੇ ਜਾਂ ਅਸੁਵਿਧਾ ਤੋਂ ਬਿਨਾਂ ਨਹੀ ਕੀਤੀ ਜਾ ਸਕਦੀ, ਜੇ ਉਹ ਅਜਿਹੇ ਬਿਆਨ ਨੂੰ ਜ਼ਰੂਰੀ ਮੰਨਦਾ ਹੈ, ਅਤੇ ਬਸ਼ਰਤੇ ਕਿ ਇਸ ਨੂੰ ਇੱਕ ਅਜਿਹੇ ਪੁਲਿਸ ਅਧਿਕਾਰੀ ਦੁਆਰਾ ਦਰਜ ਅਤੇ ਤਸਦੀਕ ਕੀਤਾ ਗਿਆ ਹੋਵੇ ਜੋ ਦੋਸ਼ੀ ਅਧਿਕਾਰੀ ਨਾਲੋਂ ਉੱਚ ਦਰਜੇ ਦਾ ਹੋਵੇ ਜਾਂ ਮੈਜਿਸਟਰੇਟ ਹੋਵੇ ਅਤੇ ਉਸ ਨੂੰ ਦਰਜ ਕਰਨ ਵਾਲੇ ਵਿਅਕਤੀ ਦੁਆਰਾ ਦਸਤਖਤ ਕੀਤੇ ਹੋਣ।

ਇਸ ਤੋਂ ਇਲਾਵਾ ਦੋਸ਼ੀ ਅਧਿਕਾਰੀ ਨੂੰ ਬਚਾਅ ਪੱਖ ਦੇ ਗਵਾਹਾਂ ਨੂੰ ਦੱਸਣ ਦੀ ਲੋੜ ਸੀ ਜਿਨ੍ਹਾਂ ਨੂੰ ਉਹ ਇੱਕ ਤੱਥਾਂ ਦੇ ਸੰਖੇਪ ਦੇ ਨਾਲ ਬੁਲਾਉਣਾ ਚਾਹੁੰਦਾ ਸੀ,ਜਿਨ੍ਹਾਂ ਬਾਰੇ ਉਹ ਗਵਾਹੀ ਦੇਣਗੇ। ਜਾਂਚ ਅਧਿਕਾਰੀ ਨੂੰ ਕਿਸੇ ਵੀ ਗਵਾਹ ਨੂੰ ਸੁਣਨ ਤੋਂ ਇਨਕਾਰ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ ਜਿਸ ਦੇ ਸਬੂਤ ਨੂੰ ਉਹ ਲਗਾਏ ਗਏ ਵਿਸ਼ੇਸ਼ ਦੋਸ਼ ਦੇ ਸੰਬੰਧ ਵਿੱਚ ਅਪ੍ਰਸੰਗਿਕ ਜਾਂ ਬੇਲੋੜਾ ਮੰਨਦਾ ਸੀ।

ਨਿਯਮ 16.25 (1) ਦੇ ਤਹਿਤ ਇੱਕ ਪੁਲਿਸ ਅਧਿਕਾਰੀ ਜਿਸਨੂੰ ਦੁਰਵਿਹਾਰ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਕਿਹਾ ਗਿਆ ਹੋਵੇ, ਨੂੰ ਆਪਣੀ ਨਿਰਦੋਸ਼ਤਾ ਸਾਬਿਤ ਕਰਨ ਦਾ ਹਰ ਮੌਕਾ ਦਿੱਤਾ ਜਾਣਾ ਚਾਹੀਦਾ

ਹੈ। ਇਸ ਦੇ ਉਪ-ਨਿਯਮ (2) ਅਧੀਨ, ਦੋਸ਼ਾਂ ਨੂੰ ਦੁਰਵਿਹਾਰ ਦੀ ਇੱਕ ਵਿਸ਼ੇਸ਼ ਘਟਨਾ ਜਾਂ ਨੀਤੀ ਦੇ ਸਬੰਧ ਵਿੱਚ ਲਗਾਉਣ ਦੀ ਜਰੂਰਤ ਨਹੀ ਹੈ ਅਤੇ ਜਦੋਂ ਇੱਕ ਅਧਿਕਾਰੀ ਵਿਰੁੱਧ ਪ੍ਰਾਪਤ ਹੋਈਆਂ ਰਿਪੋਰਟਾਂ ਜਾਂ ਮੁੱਢਲੀ ਜਾਂਚ ਇਹ ਦਰਸਾਉਂਦੀ ਹੈ ਕਿ ਉਸ ਦਾ ਆਮ ਵਿਵਹਾਰ ਆਪਣੇ ਅਹੁਦੇ ਤੋ ਅਯੋਗ ਹੋਣ ਜਿਹਾ ਹੋਵੇ ਜਾਂ ਉਹ ਕੁਸ਼ਲਤਾ ਦੇ ਇੱਕ ਵਾਜਬ ਮਿਆਰ ਤੱਕ ਪਹੁੰਚਣ ਜਾਂ ਬਣਾਈ ਰੱਖਣ ਵਿੱਚ ਅਸਫਲ ਰਿਹਾ ਹੈ ਤਾਂ ਉਸਤੇ ਇਸ ਅਨੁਸਾਰ ਦੋਸ਼ ਲਗਾਇਆ ਜਾ ਸਕਦਾ ਹੈ ਅਤੇ ਲਗਾਇਆ ਜਾਣਾ ਚਾਹੀਦਾ ਹੈ ਅਤੇ ਦੋਸ਼ੀ ਪਾਏ ਜਾਣਾ ਵਿਭਾਗੀ ਕਾਰਵਾਈ ਸ਼ੁਰੂ ਕਰਨ ਲਈ ਜਾਇਜ਼ ਆਧਾਰ ਹੋਵੇਗਾ ਜੋ ਕੇਸ ਦੇ ਹਾਲਾਤਾਂ ਵਿੱਚ ਢੁਕਵੀਂ ਮੰਨੀ ਜਾ ਸਕਦੀ ਹੈ।

ਗੁਪਤ ਰਿਪੋਰਟਾਂ, ਜਿਸ ਦੇ ਅੰਸ਼ ਚਾਰਜਸ਼ੀਟ ਵਿੱਚ ਸ਼ਾਮਲ ਕੀਤੇ ਗਏ ਸਨ, ਇਹ ਸਪੱਸ਼ਟ ਕਰਦੀਆਂ ਹਨ ਕਿ ਜਵਾਬਦੇਹ ਉੱਤੇ ਆਲਸ ਅਤੇ ਪ੍ਰਭਾਵਹੀਣਤਾ ਅਤੇ ਇਮਾਨਦਾਰੀ ਦੇ ਪੱਖ ਤੋ ਸ਼ੱਕੀ ਵੱਕਾਰ ਦਾ ਦੋਸ਼ ਲਗਾਇਆ ਜਾ ਰਿਹਾ ਸੀ। ਸਾਲ 1948 ਨੂੰ ਛੱਡ ਕੇ, ਜਿਸ ਵਿੱਚ ਉਸ ਵਿਰੁੱਧ ਭ੍ਰਿਸ਼ਟਾਚਾਰ ਦੀ ਇੱਕ ਘਟਨਾ ਦਾ ਦੋਸ਼ ਲਗਾਇਆ ਗਿਆ ਸੀ ਅਤੇ ਹੋਰ ਰਿਪੋਰਟਾਂ ਵਿੱਚ ਆਮ ਤੌਰ ਉੱਤੇ ਸਿਰਫ ਭੈੜੇ ਕਥਨ ਸਨ। ਉਦਾਹਰਣ ਵਜੋਂ, ਸਾਲ 1941 ਲਈ ਉਸ ਵਿਰੁੱਧ ਕਥਨ ਇਹ ਸੀ ਕਿ ਉਹ "ਆਲਸੀ ਅਤੇ ਬੇਅਸਰ ਸੀ ਅਤੇ ਉਸ ਨੂੰ ਬੇਈਮਾਨੀ, ਆਲਸ ਅਤੇ ਨਿਯੰਤਰਣ ਦੀ ਘਾਟ ਲਈ ਚੇਤਾਵਨੀ ਦਿੱਤੀ ਗਈ ਸੀ। ਸਾਲ 1942 ਵਿੱਚ ਜਦੋ ਉਹ ਡੇਰਾ ਗਾਜ਼ੀ ਖਾਨ ਵਿਖੇ ਤਾਇਨਾਤ ਸੀ, ਉਸ ਦੀ ਸਾਲਾਨਾ ਗੁਪਤ ਰਿਪੋਰਟ ਤੋਂ ਪਤਾ ਚੱਲਦਾ ਹੈ ਕਿ ਹਾਲਾਂਕਿ ਕੋਈ ਨਿਸ਼ਚਿਤ ਸ਼ਿਕਾਇਤਾਂ ਨਹੀਂ ਸਨ, ਪਰ ਉਸ ਨੇ ਕੋਈ ਸ਼ਾਨਦਾਰ ਯੋਗਤਾ ਜਾਂ ਸ਼ਕਤੀ ਨਹੀਂ ਦਿਖਾਈ। ਪੁਲਿਸ ਸੁਪਰਡੈਂਟ ਨੂੰ ਉਸ ਦੀ ਇਮਾਨਦਾਰੀ ਬਾਰੇ ਯਕੀਨ ਨਹੀਂ ਸੀ ਪਰ ਉਸ ਵਿਰੁੱਧ ਕੋਈ ਵਿਸ਼ੇਸ਼ ਸ਼ਿਕਾਇਤ ਨਹੀਂ ਸੀ। ਜਵਾਬਦੇਹ ਨੂੰ ਉਸ ਸਾਲ ਆਪਣੀਆਂ ਪਿਛਲੀਆਂ ਰਿਪੋਰਟਾਂ ਦੇ ਮੱਦੇਨਜ਼ਰ ਕੁਸ਼ਲਤਾ ਸੀਮਾ ਨੂੰ ਪਾਰ ਕਰਨ ਦੀ ਆਗਿਆ ਨਹੀਂ ਦਿੱਤੀ ਗਈ ਸੀ।

ਇਹ ਆਮ ਮਾਮਲਾ ਹੈ ਕਿ ਜਵਾਬਦੇਹ ਨੂੰ 1944 ਵਿੱਚ ਕੁਸ਼ਲਤਾ ਸੀਮਾ ਨੂੰ ਪਾਰ ਕਰਨ ਦੀ ਆਗਿਆ ਦਿੱਤੀ ਗਈ ਸੀ। ਸੰਨ 1945 ਵਿੱਚ ਉਸ ਦੀ ਮੋਂਟਗੋਮਰੀ ਵਿਖੇ ਬਦਲੀ ਕਰ ਦਿੱਤੀ ਗਈ ਅਤੇ ਉਸ ਨੂੰ 'ਬੀ' ਰਿਪੋਰਟ ਮਿਲੀ ਅਤੇ ਉਸ ਦੀ ਇਮਾਨਦਾਰੀ ਨੂੰ ਸ਼ੱਕੀ ਦੱਸਿਆ ਗਿਆ। ਉਸ ਨੂੰ ਉਸ ਸਾਲ ਇੱਕ ਹੋਰ ਚੇਤਾਵਨੀ ਮਿਲੀ। ਸੰਨ 1946 ਵਿੱਚ ਪੁਲਿਸ ਸੁਪਰਡੈਂਟ ਨੇ ਟਿੱਪਣੀ ਕੀਤੀ ਕਿ ਉਹ ਇੱਕ ਮੁੱਖ ਥਾਣਾ ਅਫਸਰ ਦੇ ਰੂਪ ਵਿੱਚ ਅਸਫਲ ਰਿਹਾ ਸੀ ਅਤੇ ਆਦੇਸ਼ਾਂ ਨੂੰ ਲਾਗੂ ਕਰਨ ਵਿੱਚ ਹੌਲੀ ਸਨ ਅਤੇ ਆਪਣੇ ਸਟਾਫ ਉੱਤੇ ਉਸ ਦਾ ਕੋਈ ਨਿਯੰਤਰਨ ਨਹੀਂ ਸੀ। ਮੁਲਤਾਨ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ ਨੇ ਆਪਣੀ 16 ਸਾਲਾਂ ਸੇਵਾ ਸਾਰ ਨੋਟ ਦੇ ਨਾਲ ਖਤਮ ਕੀਤੀ:

> "ਸਭ ਪੱਖਾਂ ਤੋਂ ਉਹ ਰੇਂਜ ਦੇ ਸਭ ਤੋਂ ਮਾੜੇ ਸਬ ਇੰਸਪੈਕਟਰਾਂ ਵਿੱਚੋਂ ਇੱਕ ਹੈ ਅਤੇ ਵਿਭਾਗ ਉਸ ਤੋਂ ਚੰਗੀ ਤਰ੍ਹਾਂ ਛੁਟਕਾਰਾ ਪਾ ਲਵੇਗਾ ਜੇ ਉਸ ਵਿਰੁੱਧ ਨਿਯਮ 16.25 (2) ਦੇ ਤਹਿਤ ਸਫਲਤਾਪੂਰਵਕ ਕਾਰਵਾਈ ਕੀਤੀ ਜਾ ਸਕੀ। ਮੋਜੂਦਾ ਸਮੇ ਨਿਯਮ 16.25 (2) ਦੇ ਤਹਿਤ ਕਾਰਵਾਈ ਨਹੀ ਹੋ ਸਕਦੀ ਪਰ ਉਸ ਦਾ ਪਿਛਲਾ ਰਿਕਾਰਡ ਅਜਿਹਾ ਹੈ ਕਿ ਕੋਈ ਹੋਰ ਸ਼ਿਕਾਇਤ ਉਸ ਦੀ ਬਰਖਾਸਤਗੀ ਦਾ ਕਾਰਨ ਬਣਨੀ ਚਾਹੀਦੀ ਹੈ।"

ਸਾਲ 1946 ਦੀਆਂ ਗੁਪਤ ਰਿਪੋਰਟਾਂ ਵਿੱਚ ਮੁਜ਼ੱਫਰਗੜ ਦੇ ਪੁਲਿਸ ਸੁਪਰਡੈਂਟ ਨੇ ਕਿਹਾ ਕਿ ਉਹ ਇਮਾਨਦਾਰ ਨਹੀਂ ਸੀ ਅਤੇ ਪਰੇਡ ਵਿੱਚ ਬਹੁਤ ਮਾੜਾ ਸੀ। ਡਿਪਟੀ ਇੰਸਪੈਕਟਰ ਜਨਰਲ ਮੁਲਤਾਨ ਨੇ ਉਸ ਨੂੰ ਤੀਜੀ ਚੇਤਾਵਨੀ ਦਿੱਤੀ। ਪੁਲਿਸ ਸੁਪਰਡੈਂਟ, ਮੁਜ਼ੱਫਰਗੜ ਨੇ ਇਹ ਟਿੱਪਣੀ ਕੀਤੀ ਕਿ ਭਾਵੇਂ ਉਸ ਦਾ ਪਿਛਲਾ ਆਚਰਣ ਅਸੰਤੁਸ਼ਟ ਸੀ ਪਰ ਅਜਿਹਾ ਲੱਗਦਾ ਸੀ ਕਿ ਉਹ ਆਪਣੇ ਆਪ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਸਾਲ 1948 ਵਿੱਚ ਉਸਨੇ 'ਸੀ ਰਿਪੋਰਟ ਪ੍ਰਾਪਤ ਕੀਤੀ ਅਤੇ ਪੁਲਿਸ ਸੁਪਰਡੈਂਟ ਨੇ ਰਿਪੋਰਟ ਵਿੱਚ ਉਸਨੂੰ "ਪੂਰੀ ਤਰ੍ਹਾਂ ਭ੍ਰਿਸ਼ਟਾਚਾਰ" ਦੱਸਿਆ। ਉਸ ਨੇ ਅੱਗੇ ਟਿੱਪਣੀ ਕੀਤੀ ਕਿ :

> "ਇਹ ਅਧਿਕਾਰੀ ਨੈਤਿਕ ਪਤਨ ਦੀ ਅਣਸੁਣੀ ਹੱਦ ਤੱਕ ਡਿੱਗ ਗਿਆ ਹੈ ਤੇ ਰਿਵਾੜੀ ਸ਼ਹਿਰ ਵਿੱਚ ਤਾਇਨਾਤ ਰਹਿੰਦੇ ਹੋਏ ਉਸਨੇ ਬਰਾਮਦ ਕੀਤੀ ਅਫ਼ੀਮ ਨੂੰ 1,000/- ਦੀ ਰਿਸ਼ਵਤ ਬਦਲੇ ਰਸਾਂਤ ਨਾਲ ਬਦਲ ਦਿੱਤਾ ਸੀ ਅਤੇ ਫਿਰ ਅਫੀਮ ਨੂੰ ਕਾਲੇ ਬਾਜ਼ਾਰ ਵਿੱਚ ਵਿਕਰੀ ਲਈ ਦੇ ਦਿੱਤਾ। ਉਹ ਮਾੜੇ ਅਨਸਰਾਂ, ਜੁਆਰੀਆਂ ਅਤੇ ਰਿਸ਼ਵਤ ਦਲਾਲਾਂ ਨਾਲ ਘੁਲਣ-ਮਿਲਣ ਲਈ ਜਾਣਿਆ ਜਾਂਦਾ ਸੀ।"

ਚਾਰਜਸ਼ੀਟ ਅਨੁਸਾਰ ਇਨ੍ਹਾਂ ਰਿਪੋਰਟਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਨੂੰ ਉਸ ਦੇ ਵਿਰੁੱਧ ਸਬੂਤ ਵਜੋਂ ਵਰਤਿਆ ਜਾਣਾ ਸੀ।

ਸਾਲ 1948 ਅਤੇ ਉੱਪਰ ਦੱਸੇ ਗਏ ਦੋਸ਼ਾਂ ਦੇ ਸੰਬੰਧ ਵਿੱਚ ਇਹ ਕਹਿਣਾ ਕਾਫ਼ੀ ਹੈ ਕਿ ਉਸ ਵਿਰੁੱਧ ਜਾਂਚ ਕੀਤੀ ਗਈ ਸੀ ਅਤੇ ਉਸ ਨੂੰ ਬਾਇੱਜਤ ਬਰੀ ਕਰਨ ਦਾ ਹੱਕਦਾਰ ਠਹਿਰਾਇਆ ਗਿਆ ਸੀ।

ਜਵਾਬਦੇਹ ਨੇ ਦੋਸ਼ ਨਹੀ ਮੰਨਿਆ ਅਤੇ 63 ਗਵਾਹਾਂ ਦੀ ਸੂਚੀ ਦਾਇਰ ਕੀਤੀ ਜਿਨ੍ਹਾਂ ਤੋਂ ਉਸ ਨੇ ਆਪਣੇ ਬਚਾਅ ਵਿੱਚ ਪੁੱਛਗਿੱਛ ਕਰਨ ਦੀ ਮੰਗ ਕੀਤੀ। ਉਸ ਨੇ ਉਨ੍ਹਾਂ ਤੱਥਾਂ ਦਾ ਸੰਖੇਪ ਵੀ ਦਿੱਤਾ ਜਿਨ੍ਹਾਂ ਬਾਰੇ ਹਰੇਕ ਗਵਾਹ ਨੇ ਗਵਾਹੀ ਦੇਣੀ ਸੀ। ਜਾਂਚ ਅਧਿਕਾਰੀ ਨੇ ਉਸ ਨੂੰ ਬਚਾਅ ਪੱਖ ਵਿੱਚ 21 ਗਵਾਹਾਂ ਤੋਂ ਪੁੱਛਗਿੱਛ ਕਰਨ ਦੀ ਆਗਿਆ ਦਿੱਤੀ। ਵਿਭਾਗ ਵੱਲੋਂ ਕਿਸੇ ਗਵਾਹ ਤੋਂ ਪੁੱਛਗਿੱਛ ਨਹੀਂ ਕੀਤੀ ਗਈ। 25 ਮਈ 1950 ਨੂੰ ਪੁਲਿਸ ਸੁਪਰਡੈਂਟ ਬਿਸ਼ੰਭਰ ਦਾਸ ਨੇ ਇੱਕ ਰਿਪੋਰਟ ਦਿੱਤੀ ਕਿ ਜਵਾਬਦੇਹ ਤੇ ਦੋਸ਼ ਪੂਰੀ ਤਰ੍ਹਾਂ ਸਾਫ ਸਨ ਅਤੇ ਇਹ ਸੁਝਾਅ ਦਿੱਤਾ ਗਿਆ ਸੀ ਕਿ ਉਸ ਨੂੰ ਬਰਖਾਸਤ ਕਰ ਦਿੱਤਾ ਜਾਣਾ ਚਾਹੀਦਾ ਹੈ। ਡਿਪਟੀ ਇੰਸਪੈਕਟਰ ਜਨਰਲ ਨੇ ਉਸ ਨੂੰ ਕਾਰਨ ਦੱਸਣ ਲਈ ਕਿਹਾ ਕਿ ਉਸ ਨੂੰ ਸੇਵਾ ਤੋਂ ਬਰਖਾਸਤ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ। ਜਵਾਬਦੇਹ ਦੁਆਰਾ ਦਿੱਤੀ ਗਈ ਲਿਖਤੀ ਅਰਜੀ ਪ੍ਰਾਪਤ ਕਰਨ ਅਤੇ ਉਸ ਦਾ ਬਿਆਨ ਦਰਜ ਕਰਨ ਤੋਂ ਬਾਅਦ ਡਿਪਟੀ ਇੰਸਪੈਕਟਰ ਜਨਰਲ ਨੇ ਜਵਾਬਦੇਹ ਨੂੰ ਸੇਵਾ ਤੋਂ ਬਰਖਾਸਤ ਕਰਨ ਦਾ ਆਦੇਸ਼ ਪਾਸ ਕੀਤਾ।

ਇਸ ਤੋਂ ਬਾਅਦ ਜਵਾਬਦੇਹ ਨੇ ਅਧੀਨ ਜੱਜ, ਗੁੜਗਾਓਂ ਦੀ ਅਦਾਲਤ ਵਿੱਚ ਆਪਣਾ ਮੁਕੱਦਮਾ ਦਾਇਰ ਕੀਤਾ, ਜਿਸ ਵਿੱਚ ਉਸ ਦੀ ਮੁੱਖ ਸ਼ਿਕਾਇਤ ਇਹ ਸੀ ਕਿ ਪੁੱਛਗਿੱਛ ਅਧਿਕਾਰੀ ਨੇ ਦੋਸ਼ ਦੇ ਸਮਰਥਨ ਵਿੱਚ ਕੋਈ ਸਬੂਤ ਦਰਜ ਨਹੀਂ ਕੀਤਾ ਅਤੇ ਨਾ ਹੀ ਰਿਪੋਰਟਾਂ ਬਣਾਉਣ ਵਾਲੇ ਵਿਅਕਤੀਆਂ ਦੀ ਸਿੱਧੀ ਜਾਂਚ ਕੀਤੀ ਗਈ ਅਤੇ ਨਾ ਹੀ ਉਸ ਨੂੰ ਉਹਨਾ ਦੀ ਹਾਜ਼ਰੀ ਵਿੱਚ ਉਹਨਾ ਤੋ ਪੁੱਛਗਿੱਛ ਕਰਨ ਦਾ ਮੌਕਾ ਦਿੱਤਾ ਗਿਆ। ਉਸ ਨੇ ਇਹ ਵੀ ਕਿਹਾ ਕਿ ਉਸ ਦੁਆਰਾ ਆਪਣੀ ਲੰਬੀ ਸੇਵਾ ਦੌਰਾਨ ਪ੍ਰਾਪਤ ਕੀਤੀਆਂ ਚੰਗੀਆਂ ਰਿਪੋਰਟਾਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ ਸੀ। ਉਸ ਨੇ ਇਹ ਵੀ ਦਲੀਲ ਦਿੱਤੀ ਕਿ ਉਸ ਨੂੰ ਦਸੰਬਰ 1944 ਵਿੱਚ ਕੁਸ਼ਲਤਾ ਸੀਮਾ ਨੂੰ ਪਾਰ ਕਰਨ ਦੀ ਆਗਿਆ ਦਿੱਤੀ ਗਈ ਸੀ ਅਤੇ 1945 ਵਿੱਚ ਉਸ ਨੂੰ ਸਿਲੈਕਸ਼ਨ ਗ੍ਰੇਡ ਦਿੱਤਾ ਗਿਆ ਸੀ।

ਸਾਡੇ ਸਾਹਮਣੇ ਇਹ ਅਪੀਲ ਕੀਤੀ ਗਈ ਸੀ ਕਿ ਕੁਸ਼ਲਤਾ ਸੀਮਾ ਨੂੰ ਪਾਰ ਕਰਨ ਨੂੰ ਉਸ ਮਿਤੀ ਤੱਕ ਕਲੀਨ ਚਿੱਟ ਦੇਣਾ ਸਮਝਿਆ ਜਾਣਾ ਚਾਹੀਦਾ ਸੀ ਅਤੇ ਇਸ ਦੇ ਮੱਦੇਨਜ਼ਰ 1941 ਅਤੇ 1942 ਦੀਆਂ ਰਿਪੋਰਟਾਂ ਨੂੰ ਉਸ ਦੇ ਵਿਰੁੱਧ ਧਿਆਨ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ ਸੀ।

ਸਾਲ 1945 ਅਤੇ 1946 ਦੀਆਂ ਰਿਪੋਰਟਾਂ ਦੇ ਸੰਬੰਧ ਵਿੱਚ ਜਵਾਬਦੇਹ ਦੀ ਸ਼ਿਕਾਇਤ ਸੀ ਕਿ ਪੁਲਿਸ ਸੁਪਰਡੈਂਟ, ਮੋਟਗੋਮਰੀ ਕੁਝ ਫਿਰਕੂ ਕਾਰਨਾਂ ਕਰਕੇ ਇਸ ਦੇ ਵਿਰੁੱਧ ਪੱਖਪਾਤੀ ਸੀ। 27 ਮਈ 1946 ਤੋਂ 30 ਜੂਨ 1946 ਅਤੇ ਬਾਕੀ ਸਾਲ ਦੀਆਂ ਰਿਪੋਰਟਾਂ ਮੁਜੱਫਰਗੜ ਦੇ ਪੁਲਿਸ ਸੁਪਰਡੈਂਟਾਂ ਸਮਸ਼ੀਰ ਸਿੰਘ ਅਤੇ ਸਾਦਤ ਅਲੀ ਦੁਆਰਾ ਦਿੱਤੀਆਂ ਗਈਆਂ ਸਨ। ਸਮਸ਼ੀਰ ਸਿੰਘ ਨੇ ਉਸ ਨੂੰ ਕੋਈ ਪ੍ਰਤੀਕੂਲ ਟਿੱਪਣੀ ਨਹੀਂ ਦਿੱਤੀ ਸੀ

ਅਤੇ ਇਮਾਨਦਾਰੀ ਦੇ ਕਾਲਮ ਨੂੰ ਰਿਪੋਰਟ ਵਿੱਚ "ਖਾਲੀ" ਛੱਡ ਦਿੱਤਾ ਸੀ। ਸਦਾਤ ਅਲੀ, ਜੋ ਜਵਾਬਦੇਹ ਦੇ ਵਿਰੁੱਧ ਪੱਖਪਾਤੀ ਸੀ, ਨੇ ਇਮਾਨਦਾਰੀ ਦੇ ਕਾਲਮ ਵਿੱਚ "ਨਹੀਂ" ਸ਼ਬਦ ਟਾਈਪ ਕਰਵਾਇਆ। ਸਾਲ 1948 ਦੀ ਰਿਪੋਰਟ ਮੁੱਖ ਤੌਰ ਉੱਤੇ ਅਫੀਮ ਦੇ ਮਾਮਲੇ ਉੱਤੇ ਅਧਾਰਤ ਸੀ ਅਤੇ ਕਿਉਂਕਿ ਉਸ ਨੂੰ ਉਸ ਮਾਮਲੇ ਦੇ ਸਬੰਧ ਵਿੱਚ ਦੋਸ਼ ਤੋਂ ਮੁਕਤ ਕਰ ਦਿੱਤਾ ਗਿਆ ਸੀ, ਇਸ ਲਈ ਉਸ ਸਾਲ ਦੀ ਰਿਪੋਰਟ ਦਾ ਕੋਈ ਅਧਾਰ ਨਹੀਂ ਸੀ। ।ਇਸ ਤੋਂ ਇਲਾਵਾ ਬਰਖਾਸਤਗੀ ਦਾ ਆਦੇਸ਼ ਨਿਯਮ 16.2 ਦੀ ਉਲੰਘਣਾ ਸੀ ਕਿਉਂਕਿ ਇਹ ਸਜ਼ਾ ਗੰਭੀਰ ਦੁਰਵਿਹਾਰ ਦੇ ਕੇਸ ਵਿੱਚ ਦਿੱਤੀ ਜਾਣੀ ਸੀ ਅਤੇ ਕਿਉਂਕਿ ਨਿਰੰਤਰ ਦੁਰਵਿਹਾਰ ਦੇ ਸੰਚਿਤ ਪ੍ਰਭਾਵ ਵਜੋਂ ਪੁਲਿਸ ਸੇਵਾ ਲਈ ਅਯੋਗਤਾ ਅਤੇ ਸੰਪੂਰਨ ਅਯੋਗਤਾ ਨੂੰ ਸਾਬਤ ਕਰਨ ਲਈ ਤੱਥ ਕੇਸ ਵਿੱਚ ਮੌਜੂਦ ਨਹੀਂ ਸਨ । ਇੱਕ ਹੋਰ ਸ਼ਿਕਾਇਤ ਕੀਤੀ ਗਈ ਸੀ ਕਿ ਜਾਂਚ ਅਧਿਕਾਰੀ ਨੇ ਏ.ਐਲ.ਚੋਪੜਾ, ਪੁਨਰਵਾਸ ਇੰਸਪੈਕਟਰ ਅਤੇ ਕੈਪਟਨ ਚੁੰਨੀ ਲਾਲ, ਸਾਬਕਾ ਫੌਜੀ ਨੂੰ ਸੰਮਨ ਭੇਜਣ ਦੀ ਪਰਵਾਹ ਨਹੀਂ ਕੀਤੀ, ਹਾਲਾਂਕਿ ਉਨ੍ਹਾਂ ਨੂੰ ਪਹਿਲਾਂ ਪੁੱਛਗਿੱਛ ਕਰਨ ਦੀ ਆਗਿਆ ਦਿੱਤੀ ਗਈ ਸੀ। ਬਚਾਅ ਪੱਖ ਦੇ ਗਵਾਹ, ਸਹਾਇਕ ਸਰਜਨ, ਰਾਮ ਚੰਦਰ ਦੇ ਬਿਆਨ ਨੂੰ ਟਾਈਪ ਨਹੀਂ ਕੀਤਾ ਗਿਆ ਸੀ ਅਤੇ ਰਿਕਾਰਡ ਦਾ ਹਿੱਸਾ ਨਹੀਂ ਬਣਾਇਆ ਗਿਆ ਸੀ, ਹਾਲਾਂਕਿ ਉਸ ਦੇ ਬਿਆਨ ਨੂੰ ਸਟੈਨੋ-ਟਾਈਪਿਸਟ ਨੇ ਨੋਟ ਬੁੱਕ ਵਿੱਚ ਨੋਟ ਕੀਤਾ ਸੀ।ਇਸ ਸਬੂਤ 'ਤੇ ਵਿਚਾਰ ਕੀਤੇ ਬਿਨਾਂ ਡਿਪਟੀ ਇੰਸਪੈਕਟਰ ਜਨਰਲ ਦੁਆਰਾ ਬਰਖਾਸਤਗੀ ਦਾ ਆਦੇਸ਼ ਪਾਸ ਕੀਤਾ ਗਿਆ ਸੀ। ਇਸ ਤੋਂ ਇਲਾਵਾ ਚੰਗੇ ਅਹੁਦਿਆਂ ਦੇ ਤਾਇਨਾਤ ਅਧਿਕਾਰੀਆਂ ਜਿਵੇਂ ਡਿਪਟੀ ਕਮਿਸ਼ਨਰਾਂ, ਪੁਲਿਸ ਸੁਪਰਡੈਂਟਾਂ, ਉਪ ਮੰਡਲ ਮੈਜਿਸਟ੍ਰੇਟਾਂ ਅਤੇ ਹੋਰ ਜਿਨ੍ਹਾਂ ਨੇ ਜਵਾਬਦੇਹ ਦੀ ਨਿਪੁੰਨਤਾ, ਇਮਾਨਦਾਰੀ ਅਤੇ ਭਰੋਸੇਯੋਗਤਾ ਦੀ ਗਵਾਹੀ ਦਿੱਤੀ ਸੀ, ਦੇ ਸਬੂਤਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਗਿਆ ।

ਅਧੀਨ ਜੱਜ ਨੇ ਕਿਹਾ ਕਿ ਜਵਾਬਦੇਹ ਵਿਰੁੱਧ ਬਣਾਇਆ ਗਿਆ ਦੋਸ਼ ਅਸਪਸ਼ਟ ਅਤੇ ਗਲਤ ਸੀ ਅਤੇ ਕੀਤੀ ਗਈ ਜਾਂਚ ਅਣਉਚਿਤ ਅਤੇ ਨਾਕਾਫ਼ੀ ਸੀ ਕਿਉਂਕਿ ਜਵਾਬਦੇਹ ਦੀਆਂ ਪ੍ਰਤੀਕੂਲ ਰਿਪੋਰਟਾਂ ਲਿਖਣ ਵਾਲਿਆਂ, ਭਾਵੇਂ ਉਪਲਬਧ ਸਨ, ਨੂੰ ਜਵਾਬਦੇਹ ਦੁਆਰਾ ਪੁੱਛਗਿੱਛ ਕਰਨ ਲਈ ਪੇਸ਼ ਨਹੀਂ ਕੀਤਾ ਗਿਆ ਸੀ, ਜਵਾਬਦੇਹ ਦੁਆਰਾ ਮੰਗੇ ਗਏ ਜੁਬਾਨੀ ਅਤੇ ਦਸਤਾਵੇਜ਼ੀ ਸਬੂਤ ਨੂੰ ਰੋਕ ਦਿੱਤਾ ਗਿਆ ਸੀ ਅਤੇ ਇਸ ਤਰਾਂ ਉਸ ਨੂੰ ਬਚਾਅ ਦਾ ਕੋਈ ਵਾਜਬ ਮੌਕਾ ਨਹੀਂ ਦਿੱਤਾ ਗਿਆ ਸੀ। ਨਤੀਜੇ ਵਜੋਂ ਉਸ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 311 ਦੀਆਂ ਜ਼ਰੂਰਤਾਂ ਦੀ ਉਲੰਘਣਾ ਕੀਤੀ ਗਈ ਸੀ ਅਤੇ ਬਰਖਾਸਤਗੀ ਦਾ ਆਦੇਸ਼ ਅਯੋਗ ਸੀ।

ਹਾਈ ਕੋਰਟ ਇਸ ਗੱਲ ਨਾਲ ਸਹਿਮਤ ਨਹੀਂ ਸੀ ਕਿ ਦੋਸ਼ ਅਸਪਸ਼ਟ ਸੀ ਪਰ ਮੁੱਖ ਤੌਰ ਉੱਤੇ ਇਸ ਸਵਾਲ ਉੱਤੇ ਆਪਣਾ ਧਿਆਨ ਕੇਂਦ੍ਰਿਤ ਕੀਤਾ ਕਿ ਕੀ ਧਾਰਾ 311 ਦੀਆਂ ਜ਼ਰੂਰਤਾਂ ਦੀ ਪਾਲਣਾ ਕੀਤੀ ਗਈ ਸੀ ਅਤੇ ਕੀ ਜਾਂਚ ਨਿਰਪੱਖਤਾ ਅਤੇ ਕੁਦਰਤੀ ਨਿਆਂ ਦੇ ਸਿਧਾਂਤਾਂ ਦੇ ਅਨੁਕੂਲ ਸੀ। ਪਹਿਲਾਂ ਜ਼ਿਕਰ ਕੀਤੇ ਗਏ ਸੇਵਾ ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹਾਈਕੋਰਟ ਨੇ ਕਿਹਾ ਕਿ ਇਸ ਗੱਲ 'ਤੇ ਕੋਈ ਵਿਵਾਦ ਨਹੀਂ ਹੈ ਕਿ 1940 ਤੱਕ ਦੀਆਂ ਰਿਪੋਰਟਾਂ ਆਮ ਤੌਰ' ਤੇ ਮੁਦਈ ਦੇ ਪੱਖ ਵਿੱਚ ਸਨ।

ਸਾਡੇ ਵਿਚਾਰ ਵਿੱਚ 1942 ਤੋਂ ਪਹਿਲਾਂ ਦੀਆਂ ਰਿਪੋਰਟਾਂ 'ਤੇ ਬਿਲਕੁਲ ਵੀ ਵਿਚਾਰ ਨਹੀਂ ਕੀਤਾ ਜਾਣਾ ਚਾਹੀਦਾ ਸੀ ਕਿਉਂਕਿ ਉਸ ਨੂੰ ਉਸ ਸਾਲ ਕੁਸ਼ਲਤਾ ਸੀਮਾ ਨੂੰ ਪਾਰ ਕਰਨ ਦੀ ਆਗਿਆ ਦਿੱਤੀ ਗਈ ਸੀ। ਇਹ ਸੋਚਣਾ ਅਸੰਭਵ ਹੈ ਕਿ ਜੇਕਰ ਅਧਿਕਾਰੀਆਂ ਨੇ 1941 ਅਤੇ 1942 ਦੀਆਂ ਗੁਪਤ ਰਿਪੋਰਟਾਂ ਵਿੱਚ ਸ਼ਾਮਲ ਬੇਈਮਾਨੀ ਅਤੇ ਅਯੋਗਤਾ ਦੇ ਦੋਸ਼ਾਂ ਨੂੰ ਗੰਭੀਰ ਮੰਨਿਆ ਸੀ ਤਾਂ ਉਹ ਇਸ ਨੂੰ ਨਜ਼ਰਅੰਦਾਜ਼ ਕਰਦੇ ਅਤੇ 1944 ਵਿੱਚ ਅਧਿਕਾਰੀ ਦੀ ਕਾਰਜਕੁਸ਼ਲਤਾ ਸੀਮਾ ਨੂੰ ਪਾਰ ਕਰਨ ਦੀ ਸਿਫਾਰਸ਼ ਕਰਦੇ। ਇਹ ਨੋਟ ਕੀਤਾ ਜਾਵੇਗਾ ਕਿ ਦੋ ਸਾਲਾਂ ਵਿੱਚੋਂ ਕਿਸੇ ਵਿੱਚ ਵੀ ਕੋਈ ਵਿਸ਼ੇਸ਼ ਸ਼ਿਕਾਇਤ ਨਹੀਂ ਸੀ ਅਤੇ ਉਸ ਦੇ ਵਿਵਹਾਰ ਦੇ ਸੰਬੰਧ ਵਿੱਚ ਸਿਰਫ ਸ਼ੱਕ ਦੀ ਗੁੰਜਾਇਸ਼ ਸੀ।

ਹਾਈ ਕੋਰਟ ਦੇ ਫੈਸਲੇ ਤੋਂ ਅੱਗੇ ਪ੍ਰਗਟ ਹੁੰਦਾ ਹੈ ਕਿ ਮੁੱਖ ਤੌਰ ਉੱਤੇ ਪੁਲਿਸ ਸੁਪਰਡੈਂਟ, ਬਿਸ਼ੰਬਰ ਦਾਸ ਦੀ ਮਿਤੀ 25 ਮਈ 1950 ਦੇ ਲਿਖੇ ਵਿਚਾਰਾਂ ਦੇ ਅਧਾਰ ਤੇ ਹੀ ਸੀ ਕਿਉਂਕਿ 1942 ਤੋਂ 1945 ਤੱਕ ਜਵਾਬਦੇਹ ਨੂੰ 'ਏ' ਸ਼੍ਰੇਣੀ ਦੀਆਂ ਰਿਪੋਰਟਾਂ ਮਿਲੀਆਂ ਸਨ ਭਾਵੇਂ ਉਸ ਦੇ ਉੱਚ ਅਧਿਕਾਰੀ ਉਸ ਦੀ ਇਮਾਨਦਾਰੀ ਨੂੰ ਲੈ ਕੇ ਨਿਸ਼ਚਿਤ ਨਹੀ ਸਨ। 31 ਦਸੰਬਰ 1946 ਤੱਕ ਆਉਣ ਵਾਲੀਆਂ ਰਿਪੋਰਟਾਂ ਵਿੱਚ ਉਸ ਦੀ ਇਮਾਨਦਾਰੀ ਨੂੰ ਸ਼ੱਕੀ ਮੰਨਿਆ ਗਿਆ ਸੀ। 1947 ਦੇ ਪਹਿਲੇ ਅੱਧ ਦੀ ਰਿਪੋਰਟ ਦੇ ਸੰਬੰਧ ਵਿੱਚ ਪੁਲਿਸ ਸੁਪਰਡੈਂਟ ਨੇ ਨੋਟ ਕੀਤਾ ਸੀ ਕਿ ਉਹ ਉਸਦੀ ਇਮਾਨਦਾਰੀ ਬਾਰੇ ਕੋਈ ਟਿੱਪਣੀ ਕਰਨ ਦੀ ਸਥਿਤੀ ਵਿੱਚ ਨਹੀਂ ਸੀ ਕਿਉਂਕਿ ਉਸਨੇ ਕਿਸੇ ਵੀ ਪੁਲਿਸ ਸਟੇਸ਼ਨ ਵਿੱਚ ਜਵਾਬਦੇਹ ਦਾ ਕੰਮ ਨਹੀਂ ਦੇਖਿਆ ਸੀ। ਡਿਪਟੀ ਕਮਿਸ਼ਨਰ ਨੇ ਹਾਲਾਂਕਿ ਟਿੱਪਣੀ ਕੀਤੀ ਕਿ ਉਨ੍ਹਾਂ ਦਾ ਕੰਮ ਕਾਫ਼ੀ ਤਸੱਲੀਬਖਸ਼ ਸੀ ਅਤੇ ਉਹ ਇਮਾਨਦਾਰ ਸੀ। 1947 ਦੇ ਬਾਕੀ ਹਿੱਸੇ ਲਈ ਉਨ੍ਹਾਂ ਨੂੰ ਜ਼ਿਲ੍ਹਾ ਪੁਲਿਸ ਸੁਪਰਡੈਂਟ ਤੋਂ 'ਏ' ਰਿਪੋਰਟ ਮਿਲੀ ਜਿਸ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਜਵਾਬਦੇਹ ਇਮਾਨਦਾਰ ਅਤੇ ਸਮਰੱਥ ਜਾਪਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ 1948 ਦੀ ਰਿਪੋਰਟ ਇੱਕ ਬਹੁਤ ਹੀ ਨੁਕਸਾਨਦੇਹ ਸੀ ਜੇ ਇਸ ਵਿੱਚ ਸ਼ਾਮਲ ਦੋਸ਼ਾਂ ਵਿੱਚ ਸੱਚਾਈ ਦਾ ਕੋਈ ਪੱਧਰ ਸੀ ਤਾਂ ਜਵਾਬਦੇਹ ਨੂੰ ਸਿਰਫ਼ ਉਨ੍ਹਾਂ ਦੋਸ਼ਾਂ ਦੇ ਅਧਾਰ 'ਤੇ ਦੋਸ਼ਾਂ ਦੇ ਅਧਾਰ' ਤੇ ਸੇਵਾ ਤੋਂ ਬਰਖਾਸਤ ਕੀਤਾ ਜਾ ਸਕਦਾ ਸੀ ਪਰ ਜਿਵੇਂ ਕਿ ਪਹਿਲਾਂ ਹੀ ਦੱਸਿਆ ਗਿਆ ਹੈ, ਜਵਾਬਦੇਹ ਨੂੰ ਇਸ ਦੋਸ਼ ਤੋਂ ਮੁਕਤ ਕਰ ਦਿੱਤਾ ਗਿਆ ਸੀ।

ਹਾਈ ਕੋਰਟ ਦੀ ਇਹ ਰਾਏ ਸੀ ਕਿ ਜਾਂਚ ਅਧਿਕਾਰੀ ਬਿਸ਼ੰਬਰ ਦਾਸ ਨੂੰ ਪੰਜ ਅਧਿਕਾਰੀਆਂ ਨੂੰ ਸੰਮਨ ਭੇਜਣ ਵਿੱਚ ਅਣਗਹਿਲੀ ਨਹੀਂ ਕਰਨੀ ਚਾਹੀਦੀ ਸੀ ਜਿਨ੍ਹਾਂ ਨੇ ਜਵਾਬਦੇਹ ਬਾਰੇ ਰਿਪੋਰਟਾਂ ਦਿੱਤੀਆਂ ਸਨ ਅਤੇ ਜਾਂਚ ਲਈ ਉਪਲਬਧ ਸਨ। ਉਹ ਸਨ ਚੁੰਨੀਲਾਲ ਮਲਹੋਤਰਾ, ਚੌਧਰੀ ਰੋਸ਼ਨ ਲਾਲ, ਡਿਪਟੀ ਕਮਿਸ਼ਨਰ, ਸ਼੍ਰੀ ਇਸਮਾਈਲ ਸ੍ਰੀ ਹਾਲੀਡੇ ਅਤੇ ਸ੍ਰੀ ਸੰਤ ਪ੍ਰਕਾਸ਼ ਸਿੰਘ । ਹਾਈਕੋਰਟ ਦੇ ਅਨੁਸਾਰ ਜਾਂਚ ਵਿੱਚ ਜਵਾਬਦੇਹ ਦਾ ਬਚਾਅ ਇਹ ਸੀ ਕਿ ਉਸ ਵਿਰੁੱਧ ਰਿਪੋਰਟਾਂ ਕੋਈ ਢੁਕਵੇਂ ਅੰਕੜਿਆਂ 'ਤੇ ਅਧਾਰਤ ਨਹੀਂ ਸਨ ਅਤੇ/ਜਾਂ ਡਿਪਟੀ ਪੁਲਿਸ ਸੁਪਰਡੈਂਟ ਦੁਆਰਾ ਜ਼ਿਲ੍ਹਾ ਪੁਲਿਸ ਸੁਪਰਡੈਂਟ ਨੂੰ ਫਿਰਕੂ ਵਿਚਾਰਾਂ ਸਬੰਧੀ ਭੜਕਾਉਣ ਕਾਰਨ ਅੰਸ਼ਿਕ ਤੌਰ ਤੇ ਬਣਾਈਆ ਗਈਆ ਸਨ। ਇੱਕੋ ਇੱਕ ਰਾਸਤਾ ਜਿਸ ਨਾਲ ਜਵਾਬਦੇਹ ਆਪਣਾ ਬਚਾਅ ਪੱਖ ਮਜਬੂਤ ਕਰ ਸਕਦਾ ਸੀ ਕਿ ਜੇਕਰ ਰਿਪੋਰਟਿੰਗ ਅਫਸਰਾਂ ਨੂੰ ਸਵਾਲ ਜਵਾਬ ਕੀਤੇ ਹੁੰਦੇ ਜੇਕਰ ਉਹ ਜਾਂਚ ਵਿੱਚ ਸ਼ਾਮਿਲ ਕੀਤੇ ਜਾਂਦੇ । ਉਪਰੋਕਤ ਅਧਿਕਾਰੀਆਂ ਵਿੱਚੋਂ ਇੱਕ ਸਮਸ਼ੇਰ ਸਿੰਘ ਤੋਂ ਅਸਲ ਵਿੱਚ ਮੁਕੱਦਮੇ ਵਿੱਚ ਜਵਾਬਦੇਹ ਦੇ ਗਵਾਹ ਵਜੋਂ ਪੁੱਛਗਿੱਛ ਕੀਤੀ ਗਈ ਸੀ ਅਤੇ ਉਸ ਦੇ ਸਬੂਤ ਨੇ ਦਿਖਾਇਆ ਕਿ ਉਸ ਨੇ 1946 ਦੀ ਰਿਪੋਰਟ ਵਿੱਚ ਇਮਾਨਦਾਰੀ ਵਾਲੀ ਕਾਲਮ ਨੂੰ ਖਾਲੀ ਛੱਡ ਦਿੱਤਾ ਸੀ ਕਿਉਂਕਿ ਉਸ ਨੇ ਜਵਾਬਦੇਹ ਨੂੰ ਉਸਦੇ ਕੰਮ ਦੌਰਾਨ ਨਹੀਂ ਦੇਖਿਆ ਸੀ।ਇਹ ਸਬੂਤ ਇਹ ਦਰਸਾਉਂਦੇ ਸਨ ਕਿ ਜੇਕਰ ਉਸ ਦੀ ਜਾਂਚ ਅਧਿਕਾਰੀ ਨੇ ਉਸ ਤੋਂ ਪੁੱਛ ਗਿੱਛ ਕੀਤੀ ਹੁੰਦੀ ਤਾ ਰਿਪੋਰਟ ਦਾ ਇੱਕ ਹਿੱਸਾ ਜੋ ਜਵਾਬਦੇਹ ਦੇ ਵਿਰੁੱਧ ਵਿਚਾਰ ਲਿਆ ਗਿਆ, ਉਹ ਬਿਨਾ ਕਿਸੇ ਅਧਾਰ ਤੋ ਪਾਇਆ ਗਿਆ ਹੋਣਾ ਸੀ। ਇੱਕ ਹੋਰ ਅਧਿਕਾਰੀ ਚੁੰਨੀ ਲਾਲ ਮਲਹੋਤਰਾ ਤੋ ਭਾਵੇਂ ਪਹਿਲਾਂ ਪੁੱਛਗਿੱਛ ਨਹੀਂ ਕੀਤੀ ਗਈ ਸੀ ਪਰ ਕੇਸ ਵਿੱਚ ਉਸਨੂੰ ਬਚਾਅ ਪੱਖ ਲਈ ਬੁਲਾਇਆ ਗਿਆ ਸੀ। ਉਹ ਸਿਰਫ਼ ਇੰਨਾ ਹੀ ਕਹਿ ਸਕਦਾ ਸੀ ਕਿ ਉਸ ਨੂੰ ਜਵਾਬਦੇਹ ਵਿਰੁੱਧ ਸ਼ਿਕਾਇਤਾਂ ਮਿਲੀਆਂ ਸਨ ਪਰ ਉਸ ਨੂੰ ਯਾਦ ਨਹੀਂ ਕਿ ਉਹ ਜੁਬਾਨੀ ਸਨ ਜਾਂ ਲਿਖਤੀ। ਹਾਈ ਕੋਰਟ ਨੇ ਜਾਇਜ਼ ਤੌਰ 'ਤੇ ਟਿੱਪਣੀ ਕੀਤੀ ਕਿ ਜਾਂਚ ਅਧਿਕਾਰੀ ਕੋਲ ਚੁੰਨੀ ਲਾਲ ਮਲਹੋਤਰਾ ਨੂੰ ਸੰਮਨ ਭੇਜਣ ਤੋਂ ਇਨਕਾਰ ਕਰਨ ਦਾ ਕੋਈ ਢੁਕਵਾਂ ਕਾਰਨ ਨਹੀਂ ਸੀ। ਤੱਥਾਂ 'ਤੇ ਸਮੁੱਚੇ ਤੌਰ' ਤੇ ਵਿਚਾਰ ਕਰਨ 'ਤੇ ਹਾਈ ਕੋਰਟ ਨੇ ਇਹ ਵਿਚਾਰ ਰੱਖਿਆ ਕਿ-

"ਜਾਂਚ ਅਧਿਕਾਰੀ ਦੀ ਪਹੁੰਚ ਅਜਿਹੀ ਸੀ ਕਿ ਹੋਰ ਗਵਾਹਾਂ ਦੀ ਗਵਾਹੀ ਜੋ ਵੀ ਹੋਵੇ, ਉਹ ਉੱਚ ਅਧਿਕਾਰੀਆਂ ਦੁਆਰਾ ਮੁਦੱਈ ਬਾਰੇ ਦਿੱਤੀਆਂ ਗਈਆਂ ਰਿਪੋਰਟਾਂ ਨੂੰ ਖਤਮ ਨਹੀਂ ਕਰ ਸਕਦੀ ਸੀ। "

ਦੂਜੇ ਸ਼ਬਦਾਂ ਵਿੱਚ, ਜਾਂਚ ਅਧਿਕਾਰੀ ਨੇ ਵੱਡੀ ਗਿਣਤੀ ਵਿੱਚ ਗਵਾਹਾਂ ਦੁਆਰਾ ਦਿੱਤੀ ਗਈ ਗਵਾਹੀ ਪ੍ਰਤੀ ਆਪਣਾ ਧਿਆਨ ਨਹੀ ਦਿੱਤਾ ਜਿਸ ਵਿੱਚ ਇੱਕ ਡਿਪਟੀ ਕਮਿਸ਼ਨਰ, ਅਧੀਨ ਸਕੱਤਰ, ਦੋ ਪੁਲਿਸ ਸੁਪਰਡੈਂਟ, ਕੁੱਝ ਮੈਜਿਸਟ੍ਰੇਟ ਅਤੇ ਕੁੱਝ ਪੁਲਿਸ ਡਿਪਟੀ ਸੁਪਰਡੈਂਟ ਸ਼ਾਮਲ ਸਨ ਜਿਨ੍ਹਾਂ ਨੇ ਜਵਾਬਦੇਹ ਦੀ ਪ੍ਰਤਿਸ਼ਠਾ ਅਤੇ ਕੰਮ ਬਾਰੇ ਸਬੂਤ ਦਿੱਤੇ ਸਨ।

ਇਸ ਤੋਂ ਇਲਾਵਾ ਹਾਈਕੋਰਟ ਨੇ ਇਹ ਵਿਚਾਰ ਰੱਖਿਆ ਕਿ 1948 ਵਿੱਚ ਜਵਾਬਦੇਹ ਵਿਰੁੱਧ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਦੀ ਟਿੱਪਣੀ ਕਿ ਉਹ ਸੇਵਾ ਵਿੱਚ ਬਣੇ ਰਹਿਣ ਦੇ ਲਾਇਕ ਨਹੀਂ ਸੀ, ਨੇ ਜਾਂਚ ਅਧਿਕਾਰੀ, ਜੋ ਕਿ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਦੇ ਅਧੀਨ ਸੀ, ਦੀ ਸਮੁੱਚੀ ਪਹੁੰਚ ਨੂੰ ਪ੍ਰਭਾਵਤ ਕੀਤਾ ਸੀ । ਡਿਪਟੀ ਪੁਲਿਸ ਸੁਪਰਡੈਂਟ ਲੇਖਰਾਜ ਦੀ ਮੁਕੱਦਮੇ ਦੀ ਸੁਣਵਾਈ ਦੌਰਾਨ ਜਵਾਬਦੇਹ ਨੇ ਜਾਂਚ ਕੀਤੀ ਜਿਸਨੂੰ ਕਿ ਜਵਾਬਦੇਹ ਵਿਰੁੱਧ ਇੱਕ ਹੋਰ ਜਾਂਚ ਬਿਸ਼ੰਬਰ ਦਾਸ, ਜਾਂਚ ਅਧਿਕਾਰੀ ਵੱਲੋ ਸੌਂਪੀ ਗਈ ਸੀ, ਨੇ ਅਦਾਲਤ ਨੂੰ ਦੱਸਿਆ ਕਿ ਜਦੋਂ ਉਸ (ਲੇਖਰਾਜ) ਨੇ ਦੂਜੀ ਜਾਂਚ ਵਿੱਚ ਜਵਾਬਦੇਹ ਨੂੰ ਬਰੀ ਕਰ ਦਿੱਤਾ ਸੀ ਤਾਂ ਬਿਸ਼ੰਬਰ ਦਾਸ ਨੇ ਉਸ ਨੂੰ ਬੁਲਾਇਆ ਸੀ ਅਤੇ ਉਸ ਨੂੰ ਦੱਸਿਆ ਸੀ ਕਿ ਉੱਚ ਅਧਿਕਾਰੀ ਜਵਾਬਦੇਹ ਨੂੰ ਬਰਖਾਸਤ ਕਰਨ ਤੱਕ ਦੀ ਗੰਭੀਰ ਕਾਰਵਾਈ ਕਰਨਾ ਚਾਹੁੰਦੇ ਹਨ।

ਸਾਡੇ ਵਿਚਾਰ ਵਿੱਚ ਹਾਈ ਕੋਰਟ ਸਹੀ ਸਿੱਟੇ ਉੱਤੇ ਪਹੁੰਚ ਗਈ ਅਤੇ ਇਸ ਮਾਮਲੇ ਦੇ ਤੱਥਾਂ ਉੱਤੇ ਇਹ ਮੰਨਣਾ ਅਸੰਭਵ ਹੈ ਕਿ ਜਵਾਬਦੇਹ ਨੂੰ ਜਾਂਚ ਅਧਿਕਾਰੀ ਸਾਹਮਣੇ ਆਪਣਾ ਬਚਾਅ ਪੱਖ ਰੱਖਣ ਦਾ ਵਾਜਬ ਮੌਕਾ ਦਿੱਤਾ ਗਿਆ ਸੀ। ਜੋ ਅਸੀਂ ਕਿਹਾ ਹੈ ਉਸ ਤੋਂ ਇਹ ਸਪੱਸ਼ਟ ਹੈ ਕਿ ਜੇਕਰ ਜਾਂਚ ਅਧਿਕਾਰੀ ਘੱਟੋ ਘੱਟ ਉਨ੍ਹਾਂ ਗਵਾਹਾਂ ਨੂੰ ਸੰਮਨ ਭੇਜਿਆ ਹੁੰਦਾ ਜੋ ਉਪਲਬਧ ਸਨ ਅਤੇ ਜੋ ਇਸ ਰਿਪੋਰਟ ਦੇ ਵਿਰੁੱਧ ਦਿੱਤੀਆਂ ਗਈਆਂ ਰਿਪੋਰਟਾਂ 'ਤੇ ਕੁਝ ਚਾਨਣਾ ਪਾ ਸਕਦੇ ਸਨ ਤਾਂ ਰਿਪੋਰਟ ਸ਼ਾਇਦ ਵੱਖਰੀ ਹੋ ਸਕਦੀ ਸੀ। ਅਸੀਂ ਇਸ ਤੱਥ ਨੂੰ ਵੀ ਅਣਦੇਖਿਆ ਨਹੀ ਕਰ ਸਕਦੇ ਕਿ 1941 ਅਤੇ 1942 ਦੀਆਂ ਰਿਪੋਰਟ ਦੇ ਅਧਾਰ 'ਤੇ ਜਵਾਬਦੇਹ ਵਿਰੁੱਧ ਦੋਸ਼ ਨਹੀਂ ਲਗਾਏ ਜਾਣੇ ਚਾਹੀਦੇ ਸੀ।

ਅਪੀਲਕਰਤਾ ਦੇ ਵਕੀਲ ਨੇ ਉਸ ਦੀ ਦਲੀਲ ਦੇ ਸਮਰਥਨ ਵਿੱਚ ਉੜੀਸਾ ਹਾਈਕੋਰਟ ਦੇ ਦੋ ਫੈਸਲਿਆਂ 'ਤੇ ਭਰੋਸਾ ਜਤਾਇਆ ਕਿ ਉਸ ਵਿਰੁੱਧ ਗੁਪਤ ਰਿਪੋਰਟਾਂ ਲਿਖਣ ਵਾਲਿਆਂ ਦੀ ਜਾਂਚ ਕਰਨਾ ਜ਼ਰੂਰੀ ਨਹੀਂ ਸੀ। *ਸਦਾਨੰਦ ਮੋਹਪਾਤਰਾ ਬਨਾਮ ਸਰਕਾਰ (1)* ਵਿੱਚ ਅਦਾਲਤ ਨੇ ਇਸ ਸਵਾਲ 'ਤੇ ਵਿਚਾਰ ਕੀਤਾ ਕਿ ਕੀ ਪਟੀਸ਼ਨਰ ਨੂੰ ਸਜਾ ਦੇਣ ਵਾਲੇ ਅਧਿਕਾਰੀ ਨੇ ਗੁਪਤ ਚਰਿੱਤਰ ਰਿਪੋਰਟਾਂ ਵਿੱਚ ਦਿੱਤੇ ਭੈੜੇ ਕਥਨਾਂ ਦੀ ਵਰਤੋ ਕਰਨ ਤੋ ਪਹਿਲਾਂ ਅਸਲ ਵਿੱਚ ਵਾਜਬ ਮੋਕਾ ਦਿੱਤਾ ਗਿਆ ਸੀ। ਹਾਈਕੋਰਟ ਦੇ ਅਨੁਸਾਰ ਪਟੀਸ਼ਨਰ ਨੇ ਦੂਜੇ ਕਾਰਨ ਦੱਸੋ ਨੋਟਿਸ ਦੀ ਆਪਣੀ ਜਾਂਚ ਵਿੱਚ ਆਪਣੀ ਚੰਗੀ ਸੇਵਾ ਦਾ ਹਵਾਲਾ ਦਿੱਤਾ ਸੀ ਜੋ ਉਸ ਨੇ ਵਿਭਾਗ ਵਿੱਚ ਦਿੱਤੀਆਂ ਸਨ। ਹਾਈਕੋਰਟ ਨੇ ਇਹ ਤੱਥ ਦੇਖਿਆ ਕਿ ਪਟੀਸ਼ਨਰ ਨੇ ਚੰਗਾ ਕੰਮ ਕੀਤਾ ਸੀ ਜਿਸ ਨੇ ਸਜ਼ਾ ਦੇਣ ਵਾਲੇ ਅਧਿਕਾਰੀ ਨੂੰ ਘੱਟ ਸਜ਼ਾ ਦੇਣ ਲਈ ਪ੍ਰੇਰਿਤ ਕੀਤਾ ਅਤੇ ਇਸ ਤਰ੍ਹਾਂ ਗੁਪਤ ਚਰਿੱਤਰ ਰਿਪੋਰਟਾਂ ਨੇ ਪਟੀਸ਼ਨਰ ਦੀ ਮਦਦ ਕੀਤੀ ਸੀ। ਫੈਸਲੇ ਤੋਂ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਉਸ ਮਾਮਲੇ ਵਿੱਚ ਸਜ਼ਾ ਦੇਣ ਵਾਲੇ ਅਧਿਕਾਰੀ ਨੇ ਨਿੱਜੀ ਸੁਣਵਾਈ ਦੌਰਾਨ ਪਟੀਸ਼ਨਰ ਨਾਲ ਗੁਪਤ ਚਰਿੱਤਰ ਬਾਰੇ ਚਰਚਾ ਕੀਤੀ ਸੀ ਅਤੇ ਇਸ ਅਨੁਸਾਰ ਹਾਈਕੋਰਟ ਦੀ ਰਾਏ ਸੀ ਕਿ ਭਾਵੇਂ ਪਟੀਸ਼ਨਰ ਦੇ ਗੁਪਤ ਚਰਿੱਤਰ ਰੋਲ ਦੇ ਭੈੜੇ ਕਥਨਾਂ ਨੂੰ ਦੂਜੇ ਕਾਰਨ ਦੱਸੋ ਨੋਟਿਸ ਵਿੱਚ ਸ਼ਾਮਿਲ ਨਹੀ ਕੀਤਾ ਗਿਆ ਸੀ ਕਿਉਂਕਿ ਨਿੱਜੀ ਸੁਣਵਾਈ ਵਿੱਚ ਇਸ ਬਾਰੇ ਚਰਚਾ ਕੀਤੀ ਗਈ ਸੀ ਜਿਸ ਵਿੱਚ ਇਹ ਨਹੀਂ ਕਿਹਾ ਜਾ ਸਕਦਾ ਸੀ ਕਿ ਪਟੀਸ਼ਨਰ ਨੂੰ ਕੋਈ ਵਾਜਬ ਮੌਕਾ ਨਹੀਂ ਦਿੱਤਾ ਗਿਆ ਸੀ।

ਸਾਡੇ ਵਿਚਾਰ ਵਿੱਚ ਇਸ ਮਾਮਲੇ ਵਿੱਚ ਤੱਥ ਪੂਰੀ ਤਰ੍ਹਾਂ ਵੱਖਰੇ ਹਨ। ਸਾਡੇ ਤੋਂ ਪਹਿਲਾਂ ਜਵਾਬਦੇਹ ਉਸ ਦੁਆਰਾ ਦੱਸੇ ਗਏ ਗਵਾਹਾਂ ਦੀ ਜਾਂਚ ਕਰਕੇ ਹਾਲਾਤਾਂ ਨੂੰ ਦੱਸਣ ਦਾ ਇੱਕ ਮੌਕਾ ਚਾਹੁੰਦਾ ਸੀ ਜਿਨਾਂ ਕਰਕੇ ਭੈੜੇ ਕਥਨ ਲਿਖੇ ਗਏ ਪਰ ਉਸ ਨੂੰ ਅਜਿਹਾ ਮੌਕਾ ਨਹੀ ਦਿੱਤਾ ਗਿਆ।

ਅਪੀਲਕਰਤਾ ਲਈ ਦੂਜਾ ਫੈਸਲਾ ਜਿਸ ਉੱਤੇ ਭਰੋਸਾ ਕੀਤਾ ਗਿਆ ਸੀ ਉਹ ਸੀ *ਉੜੀਸਾ ਸਰਕਾਰ ਬਨਾਮ ਸੈਲਬਹਾਰੀ (1)*। ਇਸ ਮਾਮਲੇ ਵਿੱਚ ਇੱਕ ਡਿਪਟੀ ਕੁਲੈਕਟਰ ਦੀ ਡਾਇਰੀ ਵਿੱਚ ਦਰਜ ਕੀਤੀ ਗਈ ਐਂਟਰੀ ਇਹ ਦਰਸਾਉਂਦੀ ਸੀ ਕਿ ਵਿਸ਼ੇਸ਼ ਸਹਾਇਕ ਏਜੰਟ, ਭਾਵ ਜਵਾਬਦੇਹ, ਦੀ ਇਮਾਨਦਾਰੀ ਲਈ ਕੋਈ ਪ੍ਰਤਿਸ਼ਠਾ ਨਹੀਂ ਸੀ। ਡਾਇਰੀ ਨੇ ਜਾਣਕਾਰੀ ਦੇ ਉਸ ਸਰੋਤ ਦਾ ਜ਼ਿਕਰ ਕੀਤਾ ਜਿਸ ਉੱਤੇ ਟਿੱਪਣੀਆਂ ਅਧਾਰਤ ਸਨ ਅਤੇ ਹਾਲਾਂਕਿ ਕਿਸੇ ਵੀ ਸੂਚਨਾ ਦੇਣ ਵਾਲੇ ਨੂੰ ਬਤੌਰ ਗਵਾਹ ਵਿਭਾਗੀ ਜਾਂਚ ਵਿੱਚ ਸ਼ਾਮਿਲ ਨਹੀਂ ਕੀਤਾ ਸੀ, ਟੂਰਿੰਗ ਅਧਿਕਾਰੀ ਤੋਂ ਗਵਾਹ ਵਜੋਂ ਪੁੱਛਗਿੱਛ ਕੀਤੀ ਗਈ ਅਤੇ ਉਸ ਦੀ ਟੂਰ ਡਾਇਰੀ ਜਾਂਚ ਵਿੱਚ ਸਾਬਤ ਕੀਤੀ ਗਈ ਅਤੇ ਪਟੀਸ਼ਨਰ ਨੂੰ ਉਸ ਤੋਂ ਪੁੱਛਗਿੱਛ ਕਰਨ ਦਾ ਮੌਕਾ ਦਿੱਤਾ ਗਿਆ ਸੀ। ਉਨਾਂ ਤੱਥਾਂ ਉੱਤੇ ਉੜੀਸਾ ਹਾਈਕੋਰਟ ਨੇ, ਇਸ ਸਥਿਤੀ ਉੱਤੇ ਚਰਚਾ ਕਰਨ ਤੋਂ ਬਾਅਦ, ਇਹ ਵਿਚਾਰ ਦਿੱਤਾ ਕਿ ਹਾਲਾਂਕਿ ਇਹ ਇੱਕ ਅਪਰਾਧਿਕ ਦੋਸ਼ ਦੀ ਸਥਾਪਨਾ ਲਈ ਨਾਕਾਫ਼ੀ ਸੀ, ਵਿਭਾਗੀ ਜਾਚਾਂ ਦੇ ਮਾਮਲੇ ਵਿੱਚ ਸਥਿਤੀ ਵੱਖਰੀ ਸੀ ਜਿੱਥੇ ਸਜ਼ਾ ਸਿਰਫ ਭ੍ਰਿਸ਼ਟਾਚਾਰ ਲਈ ਆਮ ਪ੍ਰਤਿਸ਼ਠਾ ਉੱਤੇ ਅਧਾਰਤ ਹੋ ਸਕਦੀ ਹੈ।

ਸਾਡੇ ਵਿਚਾਰ ਵਿੱਚ ਉਨਾਂ ਹਲਾਤਾਂ ਵਿੱਚ ਉਸ ਜਾਂਚ ਵਿੱਚ ਕੋਈ ਨੁਕਸ ਨਹੀਂ ਸੀ ਜਿਸਦੀ ਉੜੀਸਾ ਹਾਈਕੋਰਟ ਨੂੰ ਜਾਂਚ ਕਰਨ ਲਈ ਕਿਹਾ ਗਿਆ ਸੀ ਅਤੇ ਹਾਈ ਕੋਰਟ ਦੇ ਉਪਰੋਕਤ ਹੁਕਮ ਦੀ ਅਸਲ ਵਿੱਚ ਮੰਗ ਨਹੀਂ ਕੀਤੀ ਗਈ ਸੀ।

ਵਕੀਲ ਇਸ ਅਦਾਲਤ ਦੇ *ਜੰਮੂ ਅਤੇ ਕਸ਼ਮੀਰ ਸਰਕਾਰ ਬਨਾਮ ਬਕਸ਼ੀ ਗੁਲਾਮ ਮੁਹੰਮਦ (2)* ਕੇਸ ਦੇ ਫੈਸਲੇ 'ਤੇ ਵੀ ਭਰੋਸਾ ਕਰਨਾ ਚਾਹੁੰਦੇ ਸਨ ਜਿੱਥੇ ਅਦਾਲਤ ਜਾਂਚ ਕਮਿਸ਼ਨ ਐਕਟ ਤਹਿਤ ਜਾਂਚ ਕਮਿਸ਼ਨ ਦੀ ਕਾਰਵਾਈ ਬਾਰੇ ਗੱਲ ਕਰ ਰਹੀ ਸੀ। ਉਸ ਐਕਟ ਦੀ ਧਾਰਾ 10 ਅਪਰਾਧੀ ਨੂੰ ਸੁਣਵਾਈ ਦਾ ਅਧਿਕਾਰ ਦਿੱਤਾ ਪਰ ਪੁੱਛ ਗਿੱਛ ਦਾ ਸਿਰਫ ਸੀਮਤ ਅਧਿਕਾਰ ਜੋ ਕਿ ਸਿਰਫ਼ ਉਨ੍ਹਾਂ ਗਵਾਹਾਂ ਤੱਕ ਸੀਮਤ ਸੀ ਜਿਨ੍ਹਾਂ ਨੂੰ ਅਧਿਕਾਰ ਦੀ ਮੰਗ ਕਰਨ ਵਾਲੇ ਵਿਅਕਤੀ ਵਿਰੁੱਧ ਗਵਾਹੀ ਦੇਣ ਲਈ ਬੁਲਾਇਆ ਗਿਆ ਸੀ। ਇਹ ਅੱਗੇ ਦੇਖਿਆ ਗਿਆ ਜਿਵੇਂ ਕਿ "ਐਕਟ ਵਿੱਚ ਸੁਣਵਾਈ ਦੇ ਅਧਿਕਾਰ ਨੂੰ ਪੁੱਛਗਿੱਛ ਕਰਨ ਦੇ ਅਧਿਕਾਰ ਸ਼ਾਮਲ ਕਰਨ ਬਾਰੇ ਵਿਚਾਰ ਨਹੀਂ ਕੀਤਾ ਗਿਆ। "ਇਹ ਸੋਚਣਾ ਸੁਭਾਵਿਕ ਹੋਵੇਗਾ ਕਿ ਕਾਨੂੰਨ ਦਾ ਇਰਾਦਾ ਇਹ ਨਹੀ ਸੀ ਕਿ ਹੋਰ ਕੇਸਾਂ ਵਿੱਚ ਕਮਿਸ਼ਨ ਦੇ ਸਾਹਮਣੇ ਪੇਸ਼ ਹੋਣ ਵਾਲੀ ਧਿਰ ਨੂੰ ਪੁੱਛਗਿੱਛ ਦਾ ਕੋਈ ਹੋਰ ਅਧਿਕਾਰ ਹੋਣਾ ਚਾਹੀਦਾ ਹੈ। ਹੁਣ ਤੱਕ ਦੇ ਤੱਥਾਂ ਦੇ ਅਧਾਰ ਉੱਤੇ ਅਦਾਲਤ ਇਸ ਸਿੱਟੇ ਉੱਤੇ ਪਹੁੰਚੀ ਕਿ ਬਕਸ਼ੀ ਗੁਲਾਮ ਮੁਹੰਮਦ ਦੁਆਰਾ ਕੁਦਰਤੀ ਨਿਆਂ ਦੇ ਨਿਯਮਾਂ ਅਨੁਸਾਰ ਕੋਈ ਕੇਸ ਨਹੀਂ ਬਣਾਇਆ ਗਿਆ ਸੀ ਕਿ ਉਸ ਨੂੰ ਉਨ੍ਹਾਂ ਸਾਰੇ ਵਿਅਕਤੀਆਂ ਤੋਂ ਪੁੱਛਗਿੱਛ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਉਸ ਵਿਰੁੱਧ ਲਗਾਏ ਗਏ ਦੋਸ਼ਾਂ ਦਾ ਸਮਰਥਨ ਕਰਨ ਵਾਲੇ ਹਲਫ਼ਨਾਮੇ ਦਿੱਤੇ ਸਨ।

ਸਾਡੀ ਰਾਏ ਵਿੱਚ, ਜਾਂਚ ਦੇ ਅਧਿਕਾਰ ਦੀ ਸੀਮਾ ਸਬੰਧੀ ਉਪਰੋਕਤ ਨਿਰੀਖਣ ਇਸ ਮਾਮਲੇ ਤੋ ਵੱਖ ਸੀ ਜਿਸ ਵਿੱਚ ਇਹ ਅਪੀਲਕਰਤਾ ਦੀ ਮਦਦ ਨਹੀਂ ਕਰ ਸਕਦਾ ਸੀ। ਹਾਲਾਂਕਿ ਇਹ ਮਾਮਲਾ ਅਨੁਛੇਦ 311 ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ ਕਿਉਂਕਿ ਇਹ 1963 ਵਿੱਚ ਇਸ ਦੀ ਸੋਧ ਤੋਂ ਪਹਿਲਾਂ ਦਾ ਸੀ, ਪਰ ਜਵਾਬਦੇਹ ਨੂੰ ਬਰਖਾਸਤਗੀ ਦੀ ਕਾਰਵਾਈ ਦੇ ਵਿਰੁੱਧ ਨੁਮਾਇੰਦਗੀ ਕਰਨ ਦੇ ਪ੍ਰਭਾਵਸ਼ਾਲੀ ਅਧਿਕਾਰ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ ਸੀ। ਸਾਡੀ ਰਾਏ ਵਿੱਚ, ਉਨ੍ਹਾਂ ਗਵਾਹਾਂ ਤੋਂ ਪੁੱਛਗਿੱਛ ਕਰਨ ਦੇ ਅਧਿਕਾਰ ਤੋਂ ਇਨਕਾਰ

ਕਰਨਾ, ਜਿਨ੍ਹਾਂ ਨੇ ਉਸ ਦੇ ਚਰਿੱਤਰ ਦੇ ਵਿਰੁੱਧ ਆਮ ਟਿੱਪਣੀਆਂ ਕੀਤੀਆਂ ਸਨ ਅਤੇ ਜਾਂਚ ਵਿੱਚ ਪੁੱਛਗਿੱਛ ਲਈ ਉਪਲਬਧ ਸਨ, ਕਾਰਵਾਈ ਦੇ ਵਿਰੁੱਧ ਕਾਰਨ ਦੱਸਣ ਦੇ ਵਾਜਬ ਅਧਿਕਾਰ ਤੋਂ ਇਨਕਾਰ ਕਰਨ ਦੇ ਬਰਾਬਰ ਹੈ।

ਨਤੀਜੇ ਵਜੋਂ ਅਸੀਂ ਮੰਨਦੇ ਹਾਂ ਕਿ ਹਾਈਕੋਰਟ ਸਹੀ ਸਿੱਟੇ 'ਤੇ ਪਹੁੰਚੀ ਸੀ ਅਤੇ ਅਪੀਲ ਨੂੰ ਖਰਚਿਆਂ ਨਾਲ ਖਾਰਜ ਕਰ ਦਿੱਤਾ ਜਾਣਾ ਚਾਹੀਦਾ ਹੈ।

ਜੀ. ਸੀ. ਅਪੀਲ ਖਾਰਜ ਕਰ ਦਿੱਤੀ ਗਈ।

ਡਿਸਕਲੇਮਰ:- ਸਥਾਨਕ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਨਿਆਂ ਨਿਰਣਾਂ ਕੇਵਲ ਮੁਕੱਦਮੇਬਾਜ਼ਾਂ ਲਈ ਉਹਨਾਂ ਦੀ ਆਪਣੀ ਭਾਸ਼ਾ ਵਿੱਚ ਸਮਝਣ ਤੱਕ ਹੀ ਸੀਮਤ ਹੈ ਅਤੇ ਇਸਦਾ ਕਿਸੇ ਹੋਰ ਉਦੇਸ਼ ਲਈ ਇਸਮੇਮਾਲ ਨਹੀਂ ਕੀਤਾ ਜਾ ਸਕਦਾ। ਸਾਰੇ ਵਿਹਾਰਕ ਅਤੇ ਅਧਿਕਾਰਤ ਮੰਤਵਾਂ ਲਈ, ਨਿਆਂ ਨਿਰਣੇ ਦਾ ਅੰਗਰੇਜ਼ੀ ਸੰਸਕਰਣ ਪ੍ਰਮਾਣਿਕ ਹੋਵੇਗਾ ਅਤੇ ਅਮਲ ਲਾਗੂ ਕਰਨ ਲਈ ਇਸ ਨੂੰ ਤਰਜੀਹ ਦਿੱਤੀ ਜਾਵੇਗੀ।